ਕੈਨੇਡਾ ਦਰਪਣ

ਜਨਵਰੀ 8, 1988

January 08, 1988

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ Weekending January 8, 1988 Vol. 7 No. 01 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

'ਕੈਨੇਡਾ ਦਰਪਣ' ਦੇ ਪਾਠਕਾਂ ਅਤੇ ਸਹਿਯੋਗੀਆਂ ਨੂੰ

ਨਵਾਂ ਸਾਲ ਮੁਬਾਰਕ!



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਵਸ ਦੀ ਸਾਰਿਆਂ ਨੂੰ ਵਧਾਈ!

ਰੇਲਵੇ ਹਾਦਸੇ ਵਿਚ
11 ਮਰੇ, 48 ਜ਼ਖਮੀ

ਪਟਿਆਲਾ — ਜ਼ਿਲੇ ਦੇ ਸ਼ੰਭੂ ਰੇਲਵੇ ਹਾਦਸੇ ਵਿਚ ਗਿਆਰਾਂ ਵਿਅਕਤੀ ਮਾਰੇ ਗਏ ਹਨ ਅਤੇ ਅਠਤਾਲੀ ਜ਼ਖਮੀ ਹਾਲਤ ਵਿਚ ਰਾਜਿੰਦਰਾ ਹਸਪਤਾਲ ਪਟਿਆਲੇ ਵਿਚ ਦਾਖਲ ਕਰਵਾਏ ਗਏ ਹਨ। ਇਹ ਹਾਦਸਾ ਪੈਸੰਜਰ ਟਰੇਨ ਅਤੇ ਡੀਜ਼ਲ ਇੰਜਨ ਦੀ ਟੱਕਰ ਕਾਰਨ ਵਾਪਰਿਆ। ਹਰਦਵਾਰ ਐਕਸਪ੍ਰੈਸ ਡੀਜ਼ਲ ਇੰਜਨ ਨਾਲ ਜਾ ਟਕਰਾਈ ਇਹ ਹਾਦਸਾ ਪਿਛਲੇ ਸ਼ੁਕਰਵਾਰ ਵਾਪਰਿਆ।

ਟੱਕਰ ਕਾਰਨ ਡੱਬੇ ਪਟੜੀ ਤੋਂ ਲਹਿ ਗਏ ਤੇ ਇਕ ਦੂਜੇ ਵਿਚ ਭੀਚੇ ਜਾਣ ਕਾਰਨ ਇਹ ਮੌਤਾਂ ਵਾਪਰੀਆਂ ਦੱਸੀਆਂ ਜਾਂਦੀਆਂ ਹਨ।

29 ਲੱਖ ਰੁਪਏ ਫੜੇ ਗਏ

ਲੁਧਿਆਣਾ ਵਿਚ ਇਕ ਕਥਿਤ ਦਹਿਸ਼ਤਪਸੰਦ ਦੀ ਮੁਖਬਰੀ ਕਾਰਨ ਇਕ ਵਿਅਕਤੀ ਕੋਲੋਂ 29 ਲੱਖ ਰੁਪਏ ਨਕਦ ਫੜੇ ਗਏ। ਇਹ ਰਕਮ ਪੰਜਾਬ ਨੈਸ਼ਨਲ ਬੈਂਕ ਦੀ ਪੌਣੇ ਛੇ ਕਰੋੜ ਰੁਪਏ ਦੀ ਡਕੈਤੀ ਵਿਚੋਂ ਦੱਸੀ ਜਾਂਦੀ ਹੈ।

ਦੋ ਕਥਿਤ ਅਤਿਵਾਦੀ ਹਲਾਕ

ਪਿਛਲੇ ਦਿਨਾਂ ਵਿਚ ਪੰਜਾਬ ਵਿਚ ਦੋ ਕਥਿਤ ਅਤਿਵਾਦੀਆਂ ਦੇ ਹਲਾਕ ਹੋਣ ਦੀ ਖਬਰ ਹੈ ਜਦਕਿ ਦਹਿਸ਼ਤਪਸੰਦਾਂ ਵਲੋਂ ਛੇ ਹੋਰ ਕਤਲ ਕੀਤੇ ਗਏ ਹਨ। ਕਤਲ ਹੋਣ ਵਾਲਿਆਂ ਵਿਚ ਜਲੰਧਰ ਦੀ ਇਕ ਔਰਤ ਵੀ ਸ਼ਾਮਲ ਹੈ। ਪੰਜਾਬ ਦੇ ਗਵਰਨਰ ਸ੍ਰੀ ਐਸ ਐਸ ਰੇਅ ਨੇ ਜ਼ਿਲਾ ਲੁਧਿਆਣਾ ਵਿਚ ਕਿਹਾ ਕਿ ਇਸ ਵੇਲੇ ਦਹਿਸ਼ਤਪਸੰਦਾਂ ਦੇ ਪੰਜ ਗਰੁਪ ਪੰਜਾਬ ਵਿਚ ਸਰਗਰਮ ਹਨ। ਉਨ੍ਹਾਂ ਕਿਹਾ ਕਿ ਦਹਿਸ਼ਤਪਸੰਦਾਂ ਦੀ ਮੁੱਖ ਲੀਡਰਸ਼ਿਪ ਮਾਰੀ ਜਾਂ ਫੜੀ ਜਾ ਚੁਕੀ ਹੈ ਅਤੇ ਦਹਿਸ਼ਤਪਸੰਦਾਂ ਵਿਰੁਧ ਵੱਡੀ ਲੜਾਈ ਜਿਤ ਲਈ ਗਈ ਹੈ। ਉਨ੍ਹਾਂ ਕਿਹਾ ਕਿ ਵਿਕੋਲਿਤੀਆਂ ਘਟਨਾਵਾਂ ਵਾਪਰ ਰਹੀਆਂ ਹਨ, ਇਨ੍ਹਾਂ ਉਤੇ ਵੀ ਛੇਤੀ ਹੀ ਕਾਬੂ ਪਾ ਲਿਆ ਜਾਵੇਗਾ।

ਪੰਜਾਬ ਲਈ ਸਪੈਸ਼ਲ ਪਰਮਿਟ ਦੀ ਮਿਆਦ ਵਧੀ

ਨਵੀਂ ਦਿੱਲੀ — ਭਾਰਤ ਸਰਕਾਰ ਨੇ ਪੰਜਾਬ ਵਿਚ ਵਿਦੇਸ਼ੀਆਂ ਦੇ ਦਾਖਲੇ ਲਈ ਸਪੈਸ਼ਲ ਪਰਮਿਟ ਦੀ ਮਿਆਦ 2 ਜੁਲਾਈ, 1988 ਤੱਕ ਵਧਾ ਦਿੱਤੀ ਹੈ।

ਇਸ ਲਈ ਅਗਲੇ ਛੇ ਮਹੀਨਿਆਂ ਵਿਚ ਪੰਜਾਬ ਜਾਣ ਲਈ ਵਿਦੇਸ਼ੀ ਨਾਗਰਿਕਾਂ ਲਈ ਸਪੈਸ਼ਲ ਵੀਜ਼ਾ ਲੈਣਾ ਜ਼ਰੂਰੀ ਰਹੇਗਾ।

ਦਿੱਲੀ ਦੇ ਦੰਗਾ ਪੀੜਤਾਂ ਨੂੰ ਧਮਕੀਆਂ

ਦੋਸ਼ੀਆਂ ਨੂੰ ਬਚਾਉਣ ਦੇ ਯਤਨ

ਬੰਗਲਾ ਦੇਸ਼ ਦੇ ਸ਼ਹਿਰਾਂ 'ਚ ਖੂਨੀ ਝੜਪਾਂ, ਮੁਜ਼ਾਹਰੇ ਜਾਰੀ

ਢਾਕਾ — ਬੰਗਲਾ ਦੇਸ਼ ਵਿਚ ਪ੍ਰਧਾਨ ਮੰਤਰੀ ਅਰਸ਼ਾਦ ਵਲੋਂ ਐਮਰਜੈਂਸੀ ਲਾਏ ਜਾਣ ਤੇ ਅਖਬਾਰਾਂ ਉਤੇ ਸੈਂਸਰ ਲਾਏ ਜਾਣ ਦੇ ਬਾਵਜੂਦ ਅਪੋਜ਼ੀਸ਼ਨ ਵਲੋਂ ਗਲੀਆਂ ਬਾਜ਼ਾਰਾਂ ਵਿਚ ਮੁਜ਼ਾਹਰੇ ਅਤੇ ਪੁਲਸ ਫੌਜਾਂ ਨਾਲ ਝੜਪਾਂ ਦਾ ਸਿਲਸਿਲਾ ਜਾਰੀ ਹੈ। ਰਾਜਧਾਨੀ ਢਾਕੇ ਅਤੇ ਚਿਟਾਗਾਗ ਤੋਂ ਇਲਾਵਾ ਹੋਰ ਕਈ ਸ਼ਹਿਰਾਂ ਵਿਚ ਕਰਫਿਊ ਦੀਆਂ ਪਾਬੰਦੀਆਂ ਤੋੜਨ ਵਾਲੇ ਮੁਜ਼ਾਹਰਾਕਾਰੀਆਂ ਵਿਰੁਧ ਫੌਜ ਨੇ ਗੋਲੀ ਚਲਾਈ। ਜਿਸ ਵਿਚ ਤਿੰਨ ਬੰਦੇ ਮਾਰੇ ਗਏ। ਐਮਰਜੈਂਸੀ ਲਗਣ ਸਮੇਂ ਤੋਂ ਲੈ ਕੇ ਹੁਣ ਤੱਕ 21 ਵਿਅਕਤੀ ਮਾਰੇ ਜਾ ਚੁਕੇ ਹਨ। ਚਿਟਾਗਾਗ ਵਿਚ ਪਹਿਲਾਂ ਪੁਲ੍ਸ ਨੇ ਮੁਜ਼ਾਹਰਾਕਾਰੀਆਂ ਵਿਰੁਧ ਲਾਠੀਚਾਰਜ ਕੀਤੇ ਅਤੇ ਫਿਰ ਗੋਲੀ ਚਲਾਈ ਗਈ। ਮੁਜ਼ਾਹਰਾਕਾਰੀਆਂ ਨੇ ਦੇਸ਼ੀ ਬੰਬ ਚਲਾਏ। ਪੁਲਸ ਚੌਕੀ ਅਤੇ ਸਰਕਾਰੀ ਦਫਤਰਾਂ ਨੂੰ ਅੱਗਾਂ ਲਾਈਆਂ ਗਈਆਂ ਚਿਟਾਗਾਮ ਵਿਚ ਮੰਗਲਵਾਰ ਅਵਾਮੀ ਲੀਗ ਅਤੇ ਕਮਿਊਨਿਸਟ ਪਾਰਟੀ ਦੇ ਮਜ਼ਾਹਰਾਕਾਰੀਆਂ ਨੇ ਮੁਜ਼ਾਹਰਾ ਕੀਤਾ ਅਤੇ ਜਦੋਂ ਮਜ਼ਦੂਰਾਂ ਦੇ ਜਥੇ ਸਮੁੰਦਰੀ ਫੌਜ ਦੀਆਂ ਬੈਰਕਾਂ ਵੱਲ ਵਧੇ ਤਾਂ ਲਾਠੀਚਾਰਜ ਕੀਤਾ ਅਤੇ ਫਿਰ ਅੱਥਰੂ ਗੈਸ ਛੱਡਣ ਬਾਅਦ ਗੋਲੀ ਚਲਾ ਦਿੱਤੀ। ਇਕ ਮਜ਼ਦੂਰ ਮਾਰਿਆ ਗਿਆ। ਯੂਨੀਵਰਸਿਟੀ ਇਲਾਕਿਆਂ ਵਿਚ ਸਖਤ ਝੜਪਾਂ ਹੋਈਆਂ। 2500 ਵਿਅਕਤੀ ਗ੍ਰਿਫਤਾਰ ਕੀਤੇ ਗਏ

ਕਮਿਊਨਿਸਟਾਂ ਤੇ ਦੋਸ਼

ਅਗਰਤਲਾ ਪਹੁੰਚਣ ਵਾਲੇ ਮੁਸਾਫਰਾਂ ਦਾ ਕਹਿਣਾ ਹੈ ਕਿ ਢਾਕੇ ਵਿਚ ਹਾਲਤ ਬੇਹੱਦ ਗੰਭੀਰ ਹੈ। ਵੱਡੇ ਸ਼ਹਿਰਾਂ ਨੂੰ ਰੇਲਵੇ ਤੇ ਟਰਾਂਸਪੋਰਟ ਦੀ ਆਵਾਜਾਈ ਜਾਰੀ ਨਹੀਂ ਰਹਿ ਸਕੀ। ਸਰਕਾਰ ਨੇ ਅਪੋਜ਼ੀਸ਼ਨ ਨਾਲ ਗੱਲਬਾਤ ਨੂੰ ਯਕੀਨੀ ਬਨਾਉਣ ਲਈ ਕੁਝ ਅਪੋਜ਼ੀਸ਼ਨ ਨੇਤਾਵਾਂ ਨੂੰ ਰਿਹਾਅ ਕਰ ਦਿੱਤਾ। ਸਰਕਾਰ ਹੱਥੋਂ ਜਾਂਦੀ ਵੇਖ ਕੇ ਅਰਸ਼ਾਦ ਸਰਕਾਰ ਨੇ ਬੰਗਲਾ ਦੇਸ਼ ਨੈਸ਼ਨਲਿਸਟ ਪਾਰਟੀ ਦੇ ਜਨਰਲ ਸਕੱਤਰ ਅਬਦੁਲ ਰਹਿਮਾਨ ਪਾਰਲੀਮੈਂਟ ਦੇ ਸਾਬਕ ਸਪੀਕਰ ਮਿਰਜਾ ਗੁਲਾਮ ਹਾਫਜ਼ ਅਤੇ ਅਵਾਮੀ ਲੀਗ ਦੇ ਆਗੂ ਅਬਦੁਲ ਮਿਨਾਨ ਆਦਿ ਨੂੰ ਰਿਹਾ ਕਰ ਦਿੱਤਾ ਹੈ। ਗ੍ਰਹਿ ਮੰਤਰੀ ਅਬਦੁਲ ਮਤੀਨ ਨੇ ਕਿਹਾ ਹੈ ਕਿ ਸਰਕਾਰ ਅਪੋਜ਼ੀਸ਼ਨ ਨਾਲ ਗੱਲਬਾਦ ਦੀ ਖਾਹਸ਼ਮੰਦ ਹੈ। ਗਲਬਾਤ ਦੇ ਸੁਨੇਹੇ ਸ਼ੇਖ ਹੁਸੀਨਾ ਅਤੇ ਬੇਗਮ ਜ਼ਿਆ ਤੱਕ ਵੀ ਪੁਚਾਏ ਗਏ ਹਨ। ਪ੍ਰਧਾਨ ਅਰਸ਼ਾਦ ਨੇ ਇਕ ਬਿਆਨ ਵਿਚ ਦੋਸ਼ ਲਾਇਆ ਹੈ ਕਿ ਕਮਿਊਨਿਸਟ ਸਰਕਾਰ ਦਾ ਤਖਤਾ ਉਲਟਣਾ ਚਾਹੁੰਦੇ ਹਨ। ਅਪੋਜ਼ੀਸ਼ਨ ਦੇ ਮੁਜ਼ਾਹਰਿਆਂ ਦੀ ਅਗਵਾਈ ਕਮਿਊਨਿਸਟ ਵਿਦਿਆਰਥੀ ਤੇ ਮਜ਼ਦੂਰ ਕਰ ਰਹੇ ਹਨ।

ਨਵੀਂ ਦਿੱਲੀ — ਦਿੱਲੀ ਵਿਚ ਨਵੰਬਰ 1984 ਦੇ ਦੰਗਿਆਂ ਬਾਰੇ ਜਾਂਚ ਕਮਿਸ਼ਨ ਨੇ ਜਿਹਨਾਂ ਜ਼ਿਮੇਂਵਾਰ ਵਿਅਕਤੀਆਂ ਤ੍ਰੇ ਅਫਸਰਾਂ ਸਜਣ ਕੁਮਾਰ ਆਦਿ ਉਤੇ ਉਂਗਲੀ ਰੱਖੀ ਹੈ ਉਹਨਾਂ ਵਿਰੁਧ ਮੁਕਦਮੇ ਚਲਾਏ ਜਾਣ ਦੀ ਘੜੀ ਜਿਉਂ ਜਿਉਂ ਨੇੜੇ ਆਉਂਦੀ ਜਾਪਦੀ ਹੈ ਤਿਉਂ ਤਿਉਂ ਜ਼ਿਮੇਵਾਰ ਵੱਡੇ ਲੋਕ ਆਪਣੇ ਬਚਾਓ ਲਈ ਪੀੜਤ ਲੋਕਾਂ ਉਤੇ ਦਬਾਓ ਪਾਣ ਲੱਗੇ ਹਨ। ਦੰਗਿਆਂ ਦੇ ਸ਼ਿਕਾਰ ਹੋਏ ਲੋਕਾਂ ਖਾਸ ਕਰਕੇ ਵਿਧਵਾ ਔਰਤਾਂ ਨੂੰ ਇਕ ਪਾਸੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਦੂਸਰੇ ਪਾਸੇ ਪੈਸਿਆਂ ਤੇ ਨੌਕਰੀਆਂ ਦੇ ਲਾਲਚ ਦਿੱਤੇ ਜਾ ਰਹੇ ਹਨ। ਉਹਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਜਾਂਚ ਕਰ ਰਹੇ ਜੱਜ ਐਮ ਐਲ ਜੈਨ ਅਤੇ ਸੀ ਬੈਨਰਜੀ ਕਮੇਟੀ ਨੂੰ ਦਿੱਤੇ ਆਪਣੇ ਹਲਫੀਆ ਬਿਆਨਾਂ ਦੇ ਜਵਾਬੀ ਹਲਫੀਆ ਦੇ ਕੇ ਆਪਣੇ ਪਹਿਲੇ ਕਥਨਾਂ ਦਾ ਖੰਡਨ ਕਰਨ।

ਯਾਦ ਰਹੇ ਬਹੁਤ ਸਾਰੇ ਪੀੜਤ ਲੋਕਾਂ ਨੇ ਆਪਣੇ ਹਲਫੀਆ ਬਿਆਨਾਂ ਵਿਚ ਕਾਂਗਰਸ ਐਮ ਪੀ ਸਜਣ ਕੁਮਾਰ ਅਤੇ ਹੋਰ ਕਾਂਗਰਸੀ ਆਗੂਆਂ ਉਤੇ ਕਤਲਾਂ ਤੇ ਲੁਟਮਾਰ ਦੇ ਦੋਸ਼ ਲਾਏ ਗਏ ਹਨ। ਪਤਾ ਲੱਗਾ ਹੈ ਕਿ ਸਜਣ ਕੁਮਾਰ ਵਿਰੁਧ ਪੁਲਸ ਨੇ ਫੌਜਦਾਰੀ ਕੇਸ ਦਰਜ ਕਰ ਲਿਆ ਹੈ। ਇਸ ਕੇਸ ਦੇ ਦਰਜ ਹੋਣ ਤੋਂ ਦੋ ਹਫਤੇ ਬਾਅਦ ਵੀ ਧਮਕੀਆਂ ਤੇ ਲਾਲਚ ਦੇਣ ਦਾ ਸਿਲਸਿਲਾ ਜਾਰੀ ਹੈ। ਦੰਗਾਪੀੜਤ ਲੋਕਾਂ ਦੀ ਪੁਨਰ ਵਸੇਬਾ ਕਾਲੋਨੀ ਤਿਲਕ ਨਗਰ ਵਿਚ ਕਈ ਪੁਲਸ ਅਫਸਰ ਅਤੇ ਆਪਣੇ ਆਪ ਨੂੰ ਉਚ ਅਧਿਕਾਰੀਆਂ ਦੇ ਖਾਸ ਬੰਦੇ ਦਸਣ ਵਾਲੇ ਲੋਕ ਘੁੰਮਦੇ ਦੇਖੇ ਗਏ ਹਨ। ਕੁਝ ਨੇ ਆਪਣੇ ਆਪ ਨੂੰ ਕੇਂਦਰੀ ਮੰਤਰੀ ਐਚ ਕੇ ਭਗਤ ਦੇ ਬੰਦੇ ਦੱਸਿਆ ਹੈ। ਇਸ ਕਾਲੋਨੀ ਵਿਚ ਰਹਿੰਦੀਆਂ ਕਈ ਔਰਤਾਂ ਨੇ ਦੱਸਿਆ ਹੈ ਕਿ ਇਕ ਸਥਾਨਕ ਕਾਂਗਰਸੀ ਲੀਡਰ ਨੇ ਉਹਨਾਂ ਨੂੰ ਕਿਹਾ ਹੈ ਕਿ ਸਰਕਾਰ ਸਜਣ ਕੁਮਾਰ ਜਿਹੇ ਲੀਡਰ ਨੂੰ ਕਦੇ ਵੀ ਫਸਣ ਨਹੀਂ ਦੇਵੇਗੀ। ਪੁਲਸ ਕਮਿਸ਼ਨਰ ਵੇਦ ਮਰਵਾਹਾ ਨੇ ਦੰਗਾ ਪੀੜਤਾਂ ਦੀ ਮੱਦਦ ਕੀਤੀ ਸੀ ਉਸ ਦਾ ਹਸ਼ਰ ਵੇਖ ਲਵੋ ਉਸਨੂੰ ਜਬਰੀ ਛੁਟੀ ਤੇ ਭੇਜ ਦਿੱਤਾ ਗਿਆ ਹੈ। ਇਸ ਲਈ ਤੁਸੀਂ ਵੀ ਆਪਣੇ ਹਲਫੀਆ ਬਿਆਨ ਬਦਲ ਲਓ ਨਹੀਂ ਤੇ ਤੁਹਾਡੀ ਖੈਰ ਨਹੀਂ ਹੋਵੇਗੀ। ਬਿਹਤਰ ਹੈ ਕਿ ਪੈਸੇ ਲੈ ਲਓ ਤੇ ਚੁਪ ਕਰ ਜਾਓ।"

ਦਰੋਗਾ ਮੰਗੇ ਰਾਮ ਸ਼ਰਮਾ


ਸੁਲਤਾਨ ਪੁਰੀ ਥਾਣੇ ਦੇ ਇਕ ਦਰੋਗੇ ਮੰਗਾ ਰਾਮ ਸ਼ਰਮਾ ਨੇ ਉਹਨਾ ਦੇ ਵਿਅਕਤੀਆਂ [illegible] ਸਜਣ ਕੁਮਾਰ ਵਿਰੁਧ ਜੈਨ ਤੇ ਬੈਨਰਜੀ ਕਮੇਟੀ ਸਾਹਮਣੇ ਦੋਸ਼ ਲਾਏ ਸਨ। ਥਾਣੇ ਸੱਦੇ ਗਏ ਪੀੜਤ ਲੋਕ ਸਨ — ਜੀਤ ਕੌਰ, ਸਿਧਾਰੀ ਕੌਰ, ਸੁਮੇਰ ਸਿਘ, ਗੁਲਬਾਨੋ ਕੌਰ, ਛੱਤਾ ਸਿਘ ਤੇ ਗੁੱਡੀ ਕੌਰ। ਪਰ ਇਹ ਲੋਕ ਥਾਣੇ ਨਾ ਗਏ ਤੇ ਡਰਦਿਆਂ ਨੇ ਇਹ ਕੁਝ ਸਿੱਖ ਸੰਸਥਾਵਾਂ ਨੂੰ ਸ਼ਿਕਾਇਤਾਂ ਕੀਤੀਆਂ ਤੇ ਸੁਰੱਖਿਆ ਵੀ ਮੰਗੀ। ਇਹ ਵੀ ਪਤਾ ਲੱਗਾ ਹੈ ਕਿ ਵੱਡੇ ਲੋਕ ਤੇ ਅਫਸਰ ਸਿੱਖ ਸੰਸਥਾਵਾਂ ਦੇ ਲੀਡਰਾਂ ਨੂੰ ਵੀ ਮਿਲ ਕੇ ਦਬਾਓ ਪਾਉਣ ਦਾ ਯਤਨ ਕਰ ਰਹੇ ਹਨ।

ਆਲ ਇੰਡੀਆ ਸਿੱਖ ਕਾਨਫਰੰਸ ਦੇ ਲੀਡਰ ਗੁਰਚਰਨ ਸਿੰਘ ਬੱਬਰ ਨੇ ਦੱਸਿਆ ਹੈ ਕਿ ਕੁਝ ਸਿੱਖ ਨੇਤਾਵਾਂ ਨੂੰ ਇਹਨਾਂ ਮਾਮਲਿਆਂ ਨੂੰ ਰਫਾ ਦਫਾ ਕਰਾਉਣ ਦੇ ਕੰਮ ਉਤੇ ਲਾਇਆ ਗਿਆ ਹੈ। ਅਤੇ ਦੰਗਾ ਪੀੜਤਾਂ ਨੂੰ ਗਵਾਹੀਆਂ ਨਾ ਦੇਣ ਬਦਲੇ ਦੋ ਦੋ ਲੱਖ ਰੁਪੇ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ। ਤਿਲਕ ਬਿਹਾਰ ਵਿਚ ਤਿੰਨ ਦੰਗਾ ਪੀੜਤਾਂ ਨੇ ਮੰਨਿਆ ਕਿ ਇਕ ਸਥਾਨਕ ਕਾਂਗਰਸੀ ਨੇ ਉਹਨਾਂ ਨੂੰ ਮੋਟੀਆਂ ਰਕਮਾਂ ਦੇਣ ਦਾ ਲਾਲਚ ਦਿੱਤਾ ਹੈ। ਤਿਲਕ ਪੁਰੀ ਵਿਚ ਆਪਣੇ ਦੋ ਪੁਤਰਾਂ ਤੇ ਪਤੀ ਗਵਾ ਚੁੱਕੀ ਵਿਧਵਾ ਦਾ ਕਹਿਣਾ ਹੈ ਕਿ ਲਾਲਚ ਦਿੱਤੇ ਜਾ ਰਹੇ ਹਨ ਅਤੇ ਪੀੜਤ ਲੋਕ ਇਸ ਗੱਲੋਂ ਵੀ ਡਰਦੇ ਹਨ ਕਿ ਅਦਾਲਤਾਂ ਵਿਚੋਂ ਵੱਡੇ ਲੋਕ ਬਰੀ ਹੋ ਜਾਣਗੇ।

ਅਨਵਰ ਕੌਰ ਦਾ ਪ੍ਰਣ

ਤਿਲਕ ਵਿਹਾਰ ਦੀ ਅਨਵਰ ਕੌਰ ਨੇ ਕਮੇਟੀ ਦੇ ਅੱਗੇ ਬਿਆਨ ਦਿੱਤਾ ਸੀ ਕਿ ਸਜਣ ਕੁਮਾਰ ਨਾਥੂ ਪ੍ਰਧਾਨ ਉਟਲ ਜੈ ਹਰੀਰਾਮ ਤੇ

ਬਾਕੀ ਪੰਨਾ 5 'ਤੇ



ਪ੍ਰਸਿੱਧ ਐਕਟਰ ਓਮਪੁਰੀ ਵੈਨਕੂਵਰ ਵਿਚ — ਕਹਾਣੀ — ਤਸਵੀਰਾਂ ਦੀ ਜ਼ਬਾਨੀ



ਕਵੀ ਤੇ ਨਾਟਕਕਾਰ ਅਜਮੇਰ ਰੋਡੇ ਦੇ ਘਰ ਦਾਖਲ ਹੁੰਦੇ ਹੋਏ



ਰਿਚਮੰਡ ਵਿਚ 'ਕੈਨੇਡਾ ਦਰਪਣ' ਦੇ ਸੰਪਾਦਕ ਦਰਸ਼ਨ ਗਿੱਲ ਨਾਲ



ਅਜਮੇਰ ਰੋਡੇ ਤੇ ਓਮਪੁਰੀ



ਐਕਟਰ ਓਮਪੁਰੀ, ਨਰਿੰਦਰ ਭਾਗੀ ਤੇ ਕਹਾਣੀਕਾਰ ਸਾਧੂ



ਓਮਪੁਰੀ, ਰਮਿੰਦਰ, ਰਾਜੂ ਤੇ ਅੰਕੁਰ ਨਾਲ



ਓਮਪੁਰੀ, ਕਹਾਣੀਕਾਰ ਅਮਰਜੀਤ ਚਾਹਲ ਤੇ ਗੁਰਮੇਲ ਨਾਲ

ਖਾਲਿਸਤਾਨੀ ਬ੍ਰਤਾਨਵੀ ਬਦੇਸ਼ ਮੰਤਰੀ ਦੇ ਬਿਆਨ ਤੋਂ ਔਖੇ

ਲੈਸਟਰ — ਬਰਤਾਨੀਆਂ ਵਿਚ ਸਰਗਰਮ ਖਾਲਿਸਤਾਨੀ ਲੀਡਰ ਬਰਤਾਨੀਆਂ ਦੇ ਬਦੇਸ਼ ਮੰਤਰੀ ਸਰ ਜੈਫਰੀ ਹਾਵ ਦੇ ਉਸ ਬਿਆਨ ਤੋਂ ਬੇਹੱਦ ਔਖੇ ਹਨ ਜਿਸ ਵਿਚ ਸਰ ਜੈਫਰੀ ਨੇ ਕਿਹਾ ਸੀ ਕਿ ਬਰਤਾਨੀਆਂ ਭਾਰਤ ਨੂੰ ਵੰਡੇ ਜਾਣ ਦੇ ਖਿਲਾਫ ਹੈ। ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਜਿਸ ਦੀ 40 ਹਜ਼ਾਰ ਮੈਂਬਰਸ਼ਿਪ ਦੱਸੀ ਜਾਂਦੀ ਹੈ ਦੇ ਨੈਸ਼ਨਲ ਬੁਲਾਰੇ ਸੁਰਿੰਦਰ ਪਾਲ ਸਿੰਘ ਨੇ ਮਿ: ਹਾਵ ਦੇ ਬਿਆਨ ਉਤੇ ਹੈਰਾਨੀ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਅੰਗਰੇਜ਼ਾਂ ਨੇ ਹੀ ਪਹਿਲਾਂ ਭਾਰਤ ਨੂੰ ਵੰਡਿਆ ਸੀ, 1947 ਦੀ ਵੰਡ ਦੀਆਂ ਤਲਖ ਹਕੀਕਤਾਂ ਅਜ ਵੀ ਸਾਹਮਣੇ ਹਨ ਪਰ ਹੁਣ ਉਹ ਅੰਗਰੇਜ਼ ਲੀਡਰ ਹੀ ਭਾਰਤ ਦੀ ਏਕਤਾ ਦੀਆਂ ਗੱਲਾਂ ਕਿਵੇਂ ਕਰ ਸਕਦੇ ਹਨ। ਉਸ ਕਿਹਾ — ਮੈਨੂੰ ਇਸ ਵਿਚ ਸੱਚ ਨਹੀਂ ਜਾਪਦਾ।

ਪੰਨਾ 3 ਦੀ ਬਾਕੀ

ਹਨੂੰਮਾਨ ਉਸਦੇ ਘਰ ਆਏ ਸਨ ਤੇ ਉਹਨਾਂ ਉਸਦੇ ਪਤੀ ਨੂੰ ਮਾਰ ਕੇ ਸਾੜ ਦਿੱਤਾ ਸੀ ਪਰ ਪੁਲਸ ਨੇ ਕੇਸ ਦਰਜ ਨਾ ਕੀਤਾ। ਅਨਵਰ ਕੌਰ ਨੇ ਕਿਹਾ ਕਿ ਉਸਦੇ ਭਰਾ ਫਤਾ ਸਿੰਘ ਨੂੰ ਲੱਖਾਂ ਰੁਪੈ ਦੇ ਲਾਲਚ ਦਿੱਤੇ ਜਾ ਰਹੇ ਹਨ

ਪਰ ਉਹ ਪਿਛੇ ਨਹੀਂ ਹਟੇਗੀ ਤੇ ਜੱਜਾਂ ਸਾਹਮਣੇ ਆਪਣੇ ਬਿਆਨ ਦੁਹਰਾਏਗੀ। ਯਾਦ ਰਹੇ ਸੱਜਣ ਕੁਮਾਰ ਨੇ ਆਪਣੇ ਕੇਸ ਵਿਚ ਸਟੇਅ ਲੈ ਲਿਆ ਹੈ।

ਪੰਨਾ 4 ਦੀ ਬਾਕੀ

ਪਿਛਲੇ ਦਿਨੀਂ ਦਰਬਾਰ ਮੂਵ ਦੇ ਮਸਲੇ ਨੂੰ ਵੀ ਇਸ ਤੋਂ ਅੱਡ ਕਰਕੇ ਨਹੀਂ ਵੇਖਿਆ ਜਾ ਸਕਦਾ। ਜੰਮੂ ਬੰਦ ਸਮੇਂ ਹੋਈ ਹਿੰਸਾ ਵਿਚ ਕੁਝ ਵਿਅਕਤੀ ਆਪਣੇ ਜਾਨ ਤੋਂ ਹੱਥ ਧੋ ਬੈਠੇ। ਜਿਸ ਫਿਰਕੇ ਅਤੇ ਰਾਜਨੀਤਕ ਪਾਰਟੀ ਨੇ ਇਸ ਦੀ ਅਗਵਾਈ ਕੀਤੀ ਅਤੇ ਇਕ ਵਿਸ਼ੇਸ਼ ਕਿਸਮ ਰਾਹੀਂ ਸਰਕਾਰ ਦੀ ਆਲੋਚਨਾ ਕੀਤੀ, ਉਹ ਸਿਵਾਏ ਜਨਸਧਾਰਨ ਨੂੰ ਭੜਕਾਉਣ ਦੇ ਹੋਰ ਕੁਝ ਵੀ ਨਹੀਂ ਸੀ। ਕੇਂਦਰੀ ਸਰਕਾਰ ਦੇ ਪ੍ਰਤੀਨਿਧ ਅਤੇ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਦੇ ਨਾਲ ਰਾਏ ਮਸ਼ਵਰਾ ਕਰਨ ਉਪਰੰਤ ਡਾ. ਫਾਰੂਕ ਅਬਦੁੱਲਾ ਨੇ ਆਪਣਾ ਫੈਸਲਾ ਮੁੜ ਵਿਚਾਰ ਕੇ ਦਫਤਰ ਜੰਮੂ ਤਬਦੀਲ ਕਰ ਦਿੱਤੇ। ਪਰ ਹੁਣ ਇਹ ਸਮੱਸਿਆ ਕਸ਼ਮੀਰ ਵਾਦੀ ਵਿਚ ਫੈਲ ਗਈ ਅਤੇ ਇਸ ਦੀ ਅਗਵਾਈ ਵੀ ਮੁਸਲਿਮ ਫਰੰਟ ਨੇ ਕੀਤੀ। ਭਾਵੇਂ ਇਸ ਵਿਚ ਸਾਰੀਆਂ ਪਾਰਟੀਆਂ ਨੇ ਹਿੱਸਾ ਲਿਆ, ਜੰਮੂ ਅਤੇ ਕਸ਼ਮੀਰ ਵਿਚ ਅਲੱਗ ਅਲੱਗ ਹੋਏ ਮੁਜ਼ਾਹਰਿਆਂ ਨੇ ਇਕ ਗੱਲ ਤਾਂ ਪੱਕੀ ਕਰ ਦਿੱਤੀ ਕਿ ਜੰਮੂ ਵਾਲਿਆਂ ਦਾ ਕਸ਼ਮੀਰ ਨਾਲ ਕੋਈ ਸਬੰਧ ਨਹੀਂ ਅਤੇ ਕਸ਼ਮੀਰ ਵਾਦੀ ਦਾ ਜੰਮੂ ਨਾਲ। ਕਈ ਭੱਦਰ ਪੁਰਸ਼ਾਂ ਨੇ ਤਾਂ ਭਾਰਤ ਦੀ ਸਭ ਤੋਂ ਲੰਮੀ ਸੁਰੰਗ 'ਜਵਾਹਰ ਟਨਲ' ਨੂੰ ਹੱਦ ਵੀ ਨਿਸ਼ਚਤ ਕਰ ਦਿੱਤਾ। ਸਵਾਲ ਇਹ ਹੈ ਕਿ ਜਿਸ ਕਿਸਮ ਦੀ ਹਾਲਤ ਅਤੇ ਵਿਚਾਰਧਾਰਾ ਨੂੰ ਜਨਮ ਦਿੱਤਾ ਗਿਆ ਹੈ, ਉਹ ਨਿਸਚੇ ਨਾਲ ਹੀ ਆਉਣ ਵਾਲੇ ਸਮੇਂ ਵਿਚ ਆਪਣਾ ਜ਼ੋਰ ਵਿਖਾਏਗੀ। ਡਰ ਹੈ ਕਿ ਕਿਧਰੇ ਕੁਦਰਤੀ ਖੂਬਸੂਰਤੀ ਦਾ ਪ੍ਰਤੀਕ ਕਸ਼ਮੀਰ ਦੂਸਰਾ ਪੰਜਾਬ ਹੀ ਨਾ ਬਣ ਜਾਵੇ।

ਅਕਾਲੀ ਲੀਡਰ ਵਲੋਂ ਵਿਰੋਧ

ਪਰ ਅਕਾਲੀ ਦਲ ਲੌਂਗੋਵਾਲ ਯੂ ਕੇ ਦੇ ਜਨਰਲ ਸਕੱਤਰ ਰਛਵੇਲ ਸਿੰਘ ਨੇ ਖਾਲਿਸਤਾਨੀ ਲੀਡਰਾਂ ਦੇ ਬਿਆਨਾਂ ਦੀ ਅਲੋਚਨਾ ਕੀਤੀ ਹੈ ਤੇ ਕਿਹਾ ਹੈ ਕਿ ਬਰਤਾਨੀਆਂ ਦੇ ਸਿਖ ਭਾਰਤ ਦੀ ਹੋਰ ਵੰਡ ਨਹੀਂ ਚਾਹੁੰਦੇ। ਸਿਖ ਭਾਰਤ ਦਾ ਅੰਗ ਹਨ ਤੇ ਅੰਗ ਬਣੇ ਰਹਿਣਾ ਚਾਹੁੰਦੇ ਹਨ। ਪੰਜਾਬ ਦੇ ਮਸਲੇ ਭਾਰਤ ਅੰਦਰ ਰਹਿੰਦਿਆਂ ਹੋਇਆਂ ਆਪਸੀ ਗੱਲਬਾਤ ਨਾਲ ਨਜਿਠੇ ਜਾ ਸਕਦੇ ਹਨ। ਦਹਿਸ਼ਤਗਰਦੀ ਨਾਲ ਕਦੇ ਮਸਲੇ ਹਲ ਨਹੀਂ ਹੋ ਸਕਦੇ। ਪੰਜਾਬ ਦਾ ਮਸਲਾ ਰਾਜਸੀ ਮਸਲਾ ਹੈ ਤੇ ਇਸ ਦਾ ਰਾਜਸੀ ਹੱਲ ਜ਼ਰੂਰੀ ਹੈ ਪਰ ਇਸ ਗੱਲ ਨੂੰ ਮਨਾਉਣ ਦੇ ਢੰਗ ਤਰੀਕੇ ਪੁਰ ਅਮਨ ਹੋਣੇ ਚਾਹੀਦੇ ਹਨ।

ਕੇਹਰ ਸਿੰਘ ਤੇ ਬਲਬੀਰ ਵਿਰੁਧ ਸੁਣਵਾਈ 12 ਤੋਂ

ਨਵੀਂ ਦਿੱਲੀ — ਇੰਦਰਾ ਗਾਂਧੀ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ ਤਿੰਨ ਦੋਸ਼ੀਆਂ ਸਤਵੰਤ ਸਿੰਘ, ਕੇਹਰ ਸਿੰਘ ਅਤੇ ਬਲਬੀਰ ਸਿੰਘ ਦੀ ਅਪੀਲ ਦੀ ਸੁਣਵਾਈ ਹਾਈ ਕੋਰਟ 12 ਜਨਵਰੀ 1988 ਤੋਂ ਲਗਾਤਾਰ ਕਰੇਗੀ। ਇਹ ਸੁਣਵਾਈ 18 ਨਵੰਬਰ ਤੋਂ ਸ਼ੁਰੂ ਹੋਣੀ ਸੀ ਪਰ ਬਲਬੀਰ ਸਿੰਘ ਅਤੇ ਕੇਹਰ ਸਿੰਘ ਦੇ ਵਕੀਲ ਰਾਮ ਜੇਠ ਮਿਲਾਨੀ ਦੀ ਬੇਨਤੀ ਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ੍ਰੀ ਆਰ ਐਸ ਪਾਠਕ ਨੇ ਇਸਨੂੰ ਮੁਲਤਵੀ ਕਰ ਦਿੱਤਾ ਸੀ। ਸਰਕਾਰ ਵਲੋਂ ਐਡੀਸ਼ਨਲ ਐਡਵੋਕੇਟ ਜਰਨਲ ਸ੍ਰੀ ਜੀ ਰਾਮਾ ਸਵਾਮੀ ਪੈਰਵੀ ਕਰ ਰਹੇ ਹਨ।

ਦੋਸ਼ੀਆਂ ਵਲੋਂ ਦਿੱਲੀ ਹਾਈਕੋਰਟ ਦੇ 3 ਦਸੰਬਰ 1986 ਦੇ ਫੈਸਲੇ ਵਿਰੁਧ ਅਪੀਲ ਸੁਪਰੀਮ ਕੋਰਟ ਪਹਿਲਾਂ ਹੀ ਸਵੀਕਾਰ ਕਰ ਚੁੱਕੀ ਹੈ।

ਰਾਜ ਚੌਹਾਨ ਇਪਾਨਾ ਦੇ ਮੈਂਬਰ ਨਹੀਂ ਰਹੇ

ਵੈਨਕੂਵਰ — ਇਪਾਨਾ ਦੇ ਪ੍ਰਧਾਨ ਚਿੰਨ ਬੈਨਰਜੀ ਨੇ ਇਕ ਪ੍ਰੈਸ ਰਿਲੀਜ਼ ਭੇਜੀ ਹੈ ਜਿਸ ਵਿਚ ਲਿਖਿਆ ਹੈ ਕਿ 'ਆਮ ਲੋਕਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਰਾਜ ਚੌਹਾਨ ਇਪਾਨਾ ਦੇ ਮੈਂਬਰ ਨਹੀਂ ਹਨ।'

ਸ੍ਰੀ ਚੌਹਾਨ ਅੱਜ ਕੱਲ੍ਹ ਕੈਨੇਡਾ ਵਿਚ ਨਹੀਂ ਹਨ। ਇਸ ਲਈ ਇਨ੍ਹਾਂ ਕਾਰਨਾਂ ਦਾ ਪਤਾ ਨਹੀਂ ਲਗ ਸਕਿਆ ਕਿ ਉਹ ਇਪਾਨਾ ਆਪ ਛੱਡ ਗਏ ਹਨ ਜਾਂ ਉਨ੍ਹਾਂ ਨੂੰ ਇਪਾਨਾ ਵਿਚੋਂ ਕੱਢਿਆ ਗਿਆ ਹੈ।

'ਕੈਨੇਡਾ ਦਰਪਣ' ਦਾ ਦਫ਼ਤਰ ਬੰਦ ਰਹੇਗਾ

ਕ੍ਰਿਸਮਸ ਤੇ ਨਵੇਂ ਸਾਲ ਦੀਆਂ ਛੁੱਟੀਆਂ ਕਾਰਨ ਸਾਡਾ ਅਗਲੇ ਹਫਤੇ ਦਾ ਅੰਕ ਮਾਰਕਿਟ ਵਿਚ ਨਹੀਂ ਆਵੇਗਾ। ਅਗਲਾ ਅੰਕ ਪ੍ਰੈਸ ਵਿਚ 6 ਜਨਵਰੀ, 1988 ਨੂੰ ਜਾਵੇਗਾ। ਪਾਠਕ ਵੀਰ ਨੋਟ ਕਰ ਲੈਣ।

—ਸਰਕੂਲੇਸ਼ਨ ਵਿਭਾਗ

ਸੁੱਖੇ ਤੇ ਨੀਮਾ ਵਿਰੁਧ ਕੇਸ ਸ਼ੁਰੂ

ਪੂਨਾ —— ਜਨਰਲ ਵੈਦਯਾ ਦੇ ਕਤਲ ਤੋਂ ਬਾਅਦ ਹਥਿਆਰ ਲੈ ਕੇ ਨੱਸੇ ਜਾਂਦੇ ਫੜੇ ਗਏ ਬਦਨਾਮ ਅੱਤਵਾਦੀ ਸੁੱਖਾ ਤੇ ਨੀਮਾ ਆਦਿ ਚਾਰ ਦਹਿਸ਼ਤਪਸੰਦਾਂ ਵਿਰੁੱਧ ਪੂਨੇ ਦੇ ਜਸਟਿਸ ਵੀ ਐਲ ਰੁਇਕਰ ਦੀ ਅਦਾਲਤ ਵਿਚ ਮੁਕੱਦਮਾ ਸ਼ੁਰੂ ਹੋ ਗਿਆ ਹੈ। ਪਰ ਪੱਤਰਕਾਰਾਂ ਨੂੰ ਅਦਾਲਤ ਦੇ ਕਮਰੇ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ। ਜ਼ਿਲਾ ਅਦਾਲਤ ਦੇ ਬਾਹਰ ਦੋ ਮੀਲ ਦੇ ਘੇਰੇ ਵਿਚ ਪੁਲਸ ਦੇ ਸਖਤ ਸੁੱਰਖਿਆ ਪ੍ਰਬੰਧ ਸਨ। ਜਸਟਿਸ ਨੇ ਦੱਸਿਆ ਕਿ ਇਸਤਗਾਸਾ ਪੱਖ ਇਹ ਨਹੀਂ ਚਾਹੰਦਾ ਕਿ ਮਾਮਲੇ ਬਾਰੇ ਅਖਬਾਰਾਂ ਵਿਚ ਕੁਝ ਛੱਪੇ। ਜਿਸ ਕਾਨੂੰਨ ਅਧੀਨ ਕੇਸ ਚਲ ਰਿਹਾ ਹੈ ਉਸ ਵਿਚ ਕਾਰਵਾਈ ਬੰਦ ਕਮਰੇ ਵਿਚ ਕਰਨ ਦੀ ਗੱਲ ਆਖੀ ਗਈ ਹੈ। ਇਹਨਾਂ ਦੋਸ਼ੀਆਂ ਨੇ ਮਿਸੂਪਰੀ ਅੰਦਰ ਬੀਤੀ 7 ਅਕਤੂਬਰ ਨੂੰ ਇਕ ਸਿਪਾਹੀ ਦਾ ਕਤਲ ਕੀਤਾ ਸੀ ਤੇ ਲੋਕਾਂ ਨੂੰ ਡਰਾਇਆ ਸੀ।

An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL Ph. 872-7375



ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਬਾਬੂ ਬਾਂਸਲ

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

ਫੋਨ : 872-7375

ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

Off. 324-6727

Res. 324-4160

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

GLOBAL IMMIGRATION SERVICES



For Further Consultation Contact
KARNAIL SINGH NAGRA
11420 GRANVILLE AVE. RICHMOND. B.C.
PH. (604) 270-2100

WE ARE PROVIDING ALL IMMIGRATION SERVICES

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming .

Any other matter regarding Immigration.

IATA APPROVED OFFICE

Dunhill Travel LTD.

ਡਨਹਿਲ ਟਰੈਵਲ ਲਿਮ:

10 East Broadway, Vancouver, B.C., V5T 1V6

Ph. 875-9129

ATAC

Toll Free B.C., Alberta — 1-800-663-5116

Authorized Agents — PAN AM Singapore Airlines

ਆਥੋਰਾਈਜ਼ਡ ਟਿਕਟ ਏਜੰਟ

PAN AM

ਸਿੰਗਾਪੁਰ ਏਅਰਲਾਈਨਜ਼ 'ਤੇ ਸਫ਼ਰ ਕਰੋ

ਦਿੱਲੀ, ਬੰਬਈ, ਮਦਰਾਸ, ਕਲਕੱਤਾ, ਢਾਕਾ, ਕਰਾਚੀ

Special London Sale

from $279 U.S. One way

AMSTERDAM
from $325 US one way

FRANKFURT
from $309 U.S. one way

ਖੁਸ਼ਖਬਰੀ!

ਡਨਹਿਲ ਟਰੈਵਲ ਦਾ ਦੂਜਾ ਦਫਤਰ ਐਡਮਿੰਟਨ ਵਿਚ ਖੁਲ੍ਹ ਗਿਆ

ਐਡਮਿੰਟਨ 'ਚ ਰਹਿਣ ਵਾਲੇ ਆਪਣੀਆਂ ਟਿਕਟਾਂ ਏਥੇ ਹੀ ਖਰੀਦੋ

New Location In
EDMONTON
Ph. (403) 462-4804

DUNHILL TRAVEL LTD.
4214 - 66 St.
Michaels Park Plaza
EDMONTON - ALTA

ਪੰਜਾਬ 'ਚ ਅਕਾਲੀ ਦਲ ਛੇਤੀ ਇਕੱਠੇ ਹੋ ਜਾਣਗੇ — ਦਾਲਮ

'ਉਹ' ਛੋਟਾ ਖਾਲਿਸਤਾਨ ਚਾਹੁੰਦੇ ਹਨ ਅਸੀਂ ਸਿੱਖਾਂ ਲਈ ਵੱਡਾ ਘਰ ਚਾਹੁੰਦੇ ਹਾਂ — ਉਬੋਕੇ



ਤਸਵੀਰ ਵਿਚ ਨੱਥਾ ਸਿੰਘ ਦਾਲਮ, ਮੇਜਰ ਸਿੰਘ ਉਬੋਕੇ ਤੇ ਸੰਗਤਾਰ ਸਿੰਘ ਸੰਧੂ ਹਨ

ਸਾਊਥਾਲ — ਸੰਤ ਅਕਾਲੀ ਦਲ ਯੂ ਕੇ ਦੇ ਪ੍ਰਧਾਨ ਜਥੇਦਾਰ ਸੰਗਤਾਰ ਸਿੰਘ ਸੰਧੂ ਨੇ ਪੰਜਾਬ ਤੋਂ ਆਏ ਅਕਾਲੀ ਅਸੰਬਲੀ ਮੈਂਬਰਾਂ ਦੇ ਮਾਣ ਵਿਚ ਪਾਰਟੀ ਦਿੱਤੀ। ਮੁਖ ਤੌਰ ਤੇ ਸੰਤ ਲੌਂਗੋਵਾਲ ਅਕਾਲੀ ਦਲ ਦੇ ਨਥਾ ਸਿੰਘ ਦਾਲਮ, ਮੇਜਰ ਸਿੰਘ ਉਬੋਕੇ ਸ਼ਾਮਲ ਹੋਏ। ਉਹਨਾਂ ਦੇ ਨਾਲ ਸਰਵਣ ਸਿੰਘ ਫਿਲੌਰ ਅਤੇ ਐਸ ਜੀ ਪੀ ਸੀ ਦੇ ਸਰੂਪ ਸਿੰਘ ਢੇਸੀ ਵੀ ਸਨ। ਇਸ ਪਾਰਟੀ ਵਿਚ ਕੁਝ ਪੱਤਰਕਾਰਾਂ ਤੋਂ ਇਲਾਵਾ ਲੌਂਗੋਵਾਲ ਅਕਾਲੀ ਦਲ ਦੇ ਮੀਤ ਪ੍ਰਧਾਨ ਸੋਹਣ ਸਿੰਘ ਛੋਕਰ, ਨੰਬਰਦਾਰ ਪ੍ਰਕਾਸ਼ ਸਿੰਘ ਖਜ਼ਾਨਚੀ, ਬਖਤਾਵਰ ਸਿੰਘ ਸਰਾਏ, ਦਰਸ਼ਨ ਸਿੰਘ ਸਮਰਾ, ਮੋਹਕਮ ਸਿੰਘ ਅਤੇ ਜਗਤ ਸਿੰਘ ਆਦਿ ਵੀ ਮੌਜੂਦ ਸਨ। ਵਿਰੋਧੀ ਅਕਾਲੀ ਗਰੁੱਪਾਂ ਦੇ ਬਚਿੱਤਰ ਸਿੰਘ ਅਤੇ ਬੀਬੀ ਚਾਹਲ ਵੀ ਪਹੁੰਚੇ ਹੋਏ ਸਨ। ਪਾਰਟੀ ਸੱਗੂ ਐਂਡ ਤੱਖਰ ਰੈਸਟੋਰੈਂਟ ਬਰਾਡਵੇਅ ਵਿਖੇ ਹੋਈ।

ਇਸ ਮੌਕੇ ਦਾਲਮ ਅਤੇ ਉਬੋਕੇ ਉਤੇ ਸਵਾਲਾਂ ਦੀ ਬੁਛਾੜ ਹੋ ਗਈ। ਪਹਿਲਾ ਸਵਾਲ ਸੀ ਕਿ ਉਹ ਕਿਸ ਹੈਸੀਅਤ ਵਿਚ ਯੋਰਪ ਦੇ ਟੂਰ ਉਤੇ ਹਨ ਤੇ ਉਹਨਾਂ ਦੇ ਕੀ ਮੰਤਵ ਹਨ। ਕੀ ਉਹ ਬਰਤਾਨੀਆਂ ਸਰਕਾਰ ਵਲੋਂ ਦਹਿਸ਼ਤਗਰਦ ਸਿੱਖਾਂ ਨੂੰ ਵਾਪਸ ਭਾਰਤ ਭੇਜੇ ਜਾਣ ਲਈ ਤਿਆਰ ਕੀਤੇ ਸਮਝੌਤੇ ਦੀ ਪ੍ਰਵਾਨਗੀ ਦੇਣ ਤਾਂ ਨਹੀਂ ਆਏ? ਇਸ ਦੇ ਜਵਾਬ ਵਿਚ ਨੱਥਾ ਸਿੰਘ ਦਾਲਮ ਨੇ ਕਿਹਾ ਕਿ ਉਹ ਬਦੇਸ਼ਾਂ ਵਿਚ ਆਉਣ ਵਾਲੇ ਅਸੰਬਲੀ ਮੈਂਬਰਾਂ ਦੀ ਗਿਣਤੀ ਲਗਭਗ 35-36 ਸੀ ਪਰ ਉਹ ਕਿਸੇ ਸਰਕਾਰੀ ਟੂਰ ਉਤੇ ਨਹੀਂ ਸਾਰੇ ਮੈਂਬਰਾਂ ਜਿਹਨਾਂ ਵਿਚ ਸੰਯੁਕਤ ਅਕਾਲੀ ਦਲ ਦੇ ਮੈਂਬਰ ਢੀਂਡਸਾ ਆਦਿ ਵੀ ਸ਼ਾਮਲ ਸਨ। ਨਿਰੋਲ ਨਿਜੀ ਹੈਸੀਅਤ ਵਿਚ ਅਤੇ ਨਿਜੀ ਖਰਚੇ ਕਰਕੇ ਆਏ ਹਨ। ਉਹਨਾਂ ਕਿਹਾ ਕਿ ਮੰਤਵ ਕੇਵਲ ਯੋਰਪ ਦੇ ਦੇਸ਼ਾਂ ਦੀ ਤਰੱਕੀ ਬਾਰੇ ਜਾਣਕਾਰੀ ਲੈਣਾ ਹੈ। ਇਹ ਬਿਲਕੁਲ ਗਲਤ ਹੈ ਕਿ ਅਸੀਂ ਬਰਤਾਨੀਆਂ ਤੇ ਭਾਰਤ ਵਿਚਾਲੇ ਹੋਣ ਵਾਲੀ ਕਿਸੇ ਸੰਧੀ ਦੀ ਪ੍ਰਵਾਨਗੀ ਲਈ ਆਏ ਹਾਂ।

ਅਕਾਲੀਆਂ ਦਾ ਏਕਾ

ਉਹਨਾਂ ਕਿਹਾ ਕਿ ਪੰਜਾਬ ਦੇ ਮਸਲੇ ਦੇ ਸੰਬੰਧ ਵਿਚ ਅਸੀਂ ਇਕ ਹਜ਼ਾਰ ਦੇ ਕਰੀਬ ਅਹਿਮ ਲੋਕਾਂ ਨੂੰ ਮਿਲੇ ਹਾਂ ਜਿਹਨਾਂ ਤੋਂ ਲਏ ਵਿਚਾਰ ਜਾ ਕੇ ਅਕਾਲੀ ਹਾਈ ਕਮਾਨ ਨੂੰ ਦਸਾਂਗੇ। ਪੰਜਾਬੀ ਵਿਚ ਅਕਾਲੀਆਂ ਦੀ ਏਕਤਾ ਬਾਰੇ ਪੁਛੇ ਸਵਾਲਾਂ ਦੇ ਉਤਰ ਵਿਚ ਦਾਲਮ ਤੇ ਉਬੋਕੇ ਦੋਵਾਂ ਨੇ ਕਿਹਾ ਕਿ ਬਹੁਤ ਜਲਦੀ ਪੰਜਾਬ ਵਿਚ ਅਕਾਲੀਆਂ ਵਿਚਾਲੇ ਏਕਤਾ ਹੋਣ ਵਾਲੀ ਹੈ। ਉਬੋਕੇ ਨੇ ਕਿਹਾ ਜਦੋਂ ਅਕਾਲ ਤਖਤ ਤੋਂ ਮੁਆਫੀ ਮੰਗ ਲਈ ਗਈ ਹੈ ਤਾਂ ਕਿਸੇ ਦੂਸਰੇ ਨੂੰ ਕਿਸੇ ਵੀ ਮੈਂਬਰਾਂ ਵਿਰੁਧ ਕੀ ਇਤਰਾਜ ਹੋ ਸਕਦਾ ਹੈ। ਇਕ ਸਵਾਲ ਵਿਚ ਕਿਹਾ ਗਿਆ ਕਿ ਬਰਨਾਲਾ ਦਲ ਨੇ ਵੱਖਰੀ ਸ਼੍ਰੋਮਣੀ ਕਮੇਟੀ ਬਣਾ ਲਈ ਹੈ ਤਾਂ ਏਕਤਾ ਕਿਵੇਂ ਹੋ ਸਕੇਗੀ। ਦਾਲਮ ਤੇ ਉਬੋਕੇ ਨੇ ਕਿਹਾ ਕਿ ਬਰਨਾਲਾ ਗਰੁੱਪ ਕਿਸੇ ਸਰਵ ਸੰਮਤੀ ਦੀ ਚੋਣ ਦਾ ਫੈਸਲਾ ਕਰਕੇ ਗਿਆ ਸੀ ਪਰ ਜਦੋਂ ਸੰਯੁਕਤ ਦਲ ਵਾਲਿਆਂ ਨੇ ਸਾਡੇ ਬੰਦੇ ਕੁੱਟ ਕੱਢੇ ਤਾਂ ਹੀ ਵੱਖਰੀ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਪਰ ਏਕਤਾ ਹੋਣ ਸਮੇਂ ਇਹ ਗੱਲ ਭੁਲਾਈ ਜਾ ਸਕਦੀ ਹੈ। ਸਵਾਲ ਕੀਤਾ ਗਿਆ ਕਿ ਸੰਤ ਦਲ ਦੀ ਸਰਕਾਰ ਸਮੇਂ ਕੁਰਪਸ਼ਨ ਕਾਰਨ ਇਹ ਛੇਤੀ ਬਦਨਾਮ ਹੋ ਗਈ ਸੀ। ਇਸ ਲਈ ਸਰਕਾਰ ਟੁੱਟ ਗਈ। ਜਵਾਬ ਵਿਚ ਦਾਲਮ ਤੇ ਉਬੋਕੇ ਨੇ ਕਿਹਾ ਕਿ ਇਹ ਗਲਤ ਸੀ — ਸਰਕਾਰ ਨੇ ਬਹਾਨਾ ਬਣਾ ਕੇ ਸਰਕਾਰ ਤੋੜੀ ਸੀ। ਜਿਵੇਂ ਕਿ ਪਿਛਲੀਆਂ ਅਕਾਲੀ ਸਰਕਾਰਾਂ ਨੂੰ ਸਮੇਂ ਤੋਂ ਪਹਿਲਾਂ ਹੀ ਤੋੜਿਆ ਜਾਂਦਾ ਰਿਹਾ ਹੈ। ਇਕ ਹੋਰ ਸਵਾਲ ਕੀਤਾ ਗਿਆ ਕਿ ਬਰਨਾਲਾ ਸਰਕਾਰ ਸਮੇਂ ਪੁਲਸ ਦਰਬਾਰ ਸਾਹਿਬ ਵਿਚ ਕਿਉਂ ਦਾਖਲ ਹੋਈ। ਦਾਲਮ ਨੇ ਇਸ ਦਾ ਕੋਈ ਉਤਰ ਨਾ ਦਿੱਤਾ ਪਰ ਉਹਨਾਂ ਨੀਲਾ ਤਾਰਾ ਐਕਸ਼ਨ ਦੀ ਨਿਖੇਧੀ ਕੀਤੀ। ਦੋਵਾਂ ਲੀਡਰਾਂ 'ਚੋਂ ਕਿਸੇ ਨੇ ਵੀ ਜਵਾਕ ਸਮੇਂ ਬੰਦੂਕਧਾਰੀਆਂ ਵਿਰੁਧ ਸਟੈਂਡ ਨਾ ਲਿਆ ਉਬੋਕੇ ਦਾ ਕਹਿਣਾ ਸੀ ਕਿ "ਉਹ ਲੋਕ" ਛੋਟਾ ਜਿਹਾ ਖਾਲਿਸਤਾਨ ਮੰਗਦੇ ਹਨ ਪਰ ਅਸੀਂ ਵੱਡਾ ਖਾਲਿਸਤਾਨ ਚਾਹੁੰਦੇ ਹਾਂ ਜਿਸ ਦੀਆਂ ਹੱਦਾਂ ਦਿੱਲੀ, ਹਜ਼ੂਰ ਸਾਹਿਬ ਤੇ ਪਟਨਾ ਤੱਕ ਹੋਣ।

ਯੂ ਕੇ ਦਲ ਦੀ ਪ੍ਰਧਾਨਗੀ

ਸੰਤ ਅਕਾਲੀ ਦਲ ਯੂ ਕੇ ਦੇ ਪ੍ਰਧਾਨ ਦੀ ਹੈਸੀਅਤ ਵਿਚ ਸੰਗਤਾਰ ਸਿੰਘ ਸੰਧੂ ਹਾਜ਼ਰ ਸਨ ਇਸ ਮੌਕੇ ਕੁਝ ਪੁਠੇ ਸਿੱਧੇ ਸਵਾਲਾਂ ਜਵਾਬਾਂ ਸਮੇਂ ਬਖਤਾਵਰ ਸਿੰਘ ਸਰਾਏ ਨੇ ਕਿਹਾ ਕਿ ਪ੍ਰਧਾਨ ਉਹ ਹੀ ਹੋ ਸਕਦਾ ਹੈ ਤੇ ਹੈ ਵੀ ਜਿਸਨੇ ਗੋਲੀਆਂ ਖਾਧੀਆਂ ਹਨ। ਜਿਹੜੇ ਅਕਾਲੀ ਲੁਕ ਛੁਪ ਕੇ ਪ੍ਰਧਾਨ ਬਨਣਾ ਚਾਹੁੰਦੇ ਹਨ ਉਹ ਗਲਤ ਹਨ। ਜੇਕਰ ਕਿਸੇ ਨੇ ਕੋਈ ਕੰਮ ਨਹੀਂ ਕੀਤਾ ਤਾਂ ਪ੍ਰਧਾਨਗੀ ਦਾ ਆਸਵੰਦ ਕਿਉਂ ਹੋਵੇ।

ਇਸ ਮੌਕੇ ਦਾਲਮ ਨੇ ਕਿਹਾ ਕਿ ਉਹਨਾਂ ਨੇ ਬਰਨਾਲਾ ਪਾਸੋਂ ਸੁਣਿਆ ਵੀ ਸੀ ਤੇ ਹੁਣ ਇਥੋਂ ਦੇ ਅਕਾਲੀਆਂ ਦੀਆਂ ਗੱਲਾਂ ਵੀ ਸੁਣੀਆਂ ਹਨ, ਪ੍ਰਧਾਨ ਸੰਗਤਾਰ ਸਿੰਘ ਸੰਧੂ ਹੈ ਤੇ ਉਹ ਬਰਨਾਲਾ ਨੂੰ ਇਹੋ ਕੁਝ ਜਾ ਕੇ ਦਸਣਗੇ ਵੀ।

ਜਦੋਂ ਉਬੋਕੇ ਤੋਂ ਪੁਛਿਆ ਗਿਆ ਕਿ ਤੁਸੀਂ ਅਕਾਲੀ ਆਪਸ ਵਿਚ ਕੁਰਸੀਆਂ ਖਾਤਰ ਲੜਦੇ ਹੋ ਜਵਾਬ ਵਿਚ ਉਬੋਕੇ ਨੇ ਕਿਹਾ ਕਿ ਅਸੀਂ ਤਾਂ ਪੰਜਾਬ ਵਿਚ ਕੁਰਸੀਆਂ ਖਾਤਰ ਲੜਦੇ ਹਾਂ ਪਰ ਤੁਸੀਂ ਇਥੇ ਕਿਉਂ ਲੜਦੇ ਹੋ ਜਿਥੇ ਕਿ ਕੋਈ ਕੁਰਸੀ ਦੀ ਲੜਾਈ ਵੀ ਨਹੀਂ ਹੈ।

ਨਵੇਂ ਸਾਲ 'ਤੇ ਐਡਮਿੰਟਨ ਵਿਚ

ਦੇਸ਼ ਪੰਜਾਬ

ਬੜੇ ਮਾਣ ਨਾਲ ਪੇਸ਼ ਕਰਦੇ ਹਨ


ਹਰਭਜਨ ਮਾਨ ਐਂਡ ਪਾਰਟੀ

ਪੰਜਾਬੀ ਸਭਿਆਚਾਰਕ ਪ੍ਰੋਗਰਾਮ




ਰਣਜੀਤ ਸਿੰਘ
ਗਿਟਾਰ





ਨਰਿੰਦਰ ਭਾਗੀ
ਬੰਸਰੀ ਤੇ ਕੀ-ਬੋਰਡ



ਦੇਵਿੰਦਰ ਕੈਂਥ
ਤਬਲਾ ਤੇ ਢੋਲਕ



ਗੁਰਸੇਵਕ ਮਾਨ
ਅਕਾਰਡੀਅਨ ਤੇ ਹਰਮੋਨੀਅਮ

ਹਰਭਜਨ ਮਾਨ ਇਕ ਉਭਰ ਰਿਹਾ ਕਲਾਕਾਰ ਹੈ ਜੋ HMV ਕੰਪਨੀ ਵਲੋਂ ਆਪਣਾ ਪਹਿਲਾ ਰੀਕਾਰਡ ਤਿਆਰ ਕਰਾ ਕੇ ਆਪਣੀ ਕਲਾ ਦੀ ਧਾਂਕ ਜਮਾ ਚੁੱਕਾ ਹੈ



ਹਰਮਹਿੰਦਰ ਕਿੱਟੀ —— ਹਾਸਿਆਂ ਦਾ ਬਾਦਸ਼ਾਹ



ਸਰਦੂਲ ਰੰਧਾਵਾ
ਗਾਇਕ

ਤੁਹਾਡੇ ਸ਼ਹਿਰ ਐਡਮਿੰਟਨ ਵਿਚ

ਉਹ ਆਪਣੇ ਕਲਾਕਾਰ ਸਾਥੀਆਂ ਨਾਲ

ਖੂਬਸੂਰਤ ਤੇ ਪ੍ਰਵਾਰਕ ਸਭਿਆਚਾਰਕ ਪ੍ਰੋਗਰਾਮ

ਲੈ ਕੇ ਪੇਸ਼ ਹੋ ਰਿਹਾ ਹੈ

ਨਾਲ ਹੈ ਹਾਸਿਆਂ ਦਾ ਬਾਦਸ਼ਾਹ ਹਰਮਹਿੰਦਰ ਕਿੱਟੀ

ਸ਼ਨਿਚਰਵਾਰ ਜਨਵਰੀ 2, 1988 ਸ਼ਾਮ ਦੇ ਸਾਢੇ ਪੰਜ ਵਜੇ

ਸਬ-ਥੀਏਟਰ, ਯੂਨੀਵਰਸਿਟੀ ਆਫ ਅਲਬਰਟਾ, ਐਡਮਿੰਟਨ (89 Ave. & 114 St.)

ਟਿਕਟਾਂ ਮਿਲਣ ਦਾ ਪਤਾ :
Kundell Sweet House
4218 - 66 St. (Behind Mcdonald)
Edmonton, ALTA.

ਹੋਰ ਜਾਣਕਾਰੀ ਲਈ ਫੋਨ :

ਹਰਜੀਤ ਤੂਰ 463-3903 ਹਰਪਾਲ ਸੇਖੋਂ 424-2748

ਟਿਕਟ : 6 ਡਾਲਰ (ਐਡਵਾਂਸ)
:7 ਡਾਲਰ (ਗੇਟ 'ਤੇ)

ਪੰਜਾਬ ਦੇ ਐਮ. ਐਲ. ਏ. ਕਰਨੈਲ ਸਿੰਘ ਡੋਡ ਨਾਲ ਮੁਲਾਕਾਤ



ਕਾ: ਗੁਰਚਰਨ ਬਰਾੜ, ਸ. ਕਰਨੈਲ ਸਿੰਘ ਡੋਡ, ਦਰਸ਼ਨ ਗਿੱਲ, ਚਰਨਪਾਲ ਗਿੱਲ



ਕਾ: ਗੁਰਚਰਨ ਬਰਾੜ, ਸ. ਡੋਡ, ਬਲਦੇਵ ਮਾਨ ਤੇ ਕਰਮਜੀਤ ਗਰੇਵਾਲ

(ਸ. ਕਰਨੈਲ ਸਿੰਘ ਡੋਡ ਪੰਜਾਬ ਵਿਚ ਪਿਛਲੀਆਂ ਚੋਣਾਂ ਸਮੇਂ ਆਜ਼ਾਦ ਉਮੀਦਵਾਰ ਵਜੋਂ ਹਲਕਾ ਫਰੀਦਕੋਟ ਤੋਂ ਐਮ ਐਲ ਏ ਚੁਣੇ ਗਏ ਸਨ। ਸ. ਡੋਡ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹਨ। ਵਿਦਿਆਰਥੀ ਸਮੇਂ ਤੋਂ ਹੀ ਆਪਦਾ ਸੰਬੰਧ ਸਿਖ ਸਿਆਸਤ ਨਾਲ ਰਿਹਾ ਹੈ ਦੇਸ਼ ਦੀ ਵੰਡ ਤੋਂ ਪਹਿਲਾਂ ਆਪ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਲਾਹੌਰ ਦੇ ਐਗਜ਼ੈਕਟਿਵ ਮੈਂਬਰ ਵੀ ਰਹੇ ਹਨ। ਫਰੀਦਕੋਟ ਇਕਾਈ ਦੇ ਪਹਿਲੇ ਪ੍ਰਧਾਨ ਸਨ। 1955 ਤੋਂ 1958 ਤੱਕ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਦੇ ਮੈਂਬਰ ਰਹੇ ਹਨ ਜਦੋਂ ਮਾਸਟਰ ਤਾਰਾ ਸਿੰਘ ਇਸ ਦੇ ਲੀਡਰ ਸਨ। 1955 ਵਿਚ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਸਤੰਬਰ 1985 ਤੋਂ ਮੈਂਬਰ ਪੰਜਾਬ ਅਸੈਂਬਲੀ ਹਨ। — ਸੰਪਾਦਕ)

ਚਰਨਪਾਲ ਗਿੱਲ : ਡੋਡ ਸਾਹਿਬ ਤੁਸੀਂ ਆਉਂਦੇ ਹੀ ਬੀ ਸੀ ਵਿਚ ਆਪਦੇ ਨਾਲ ਦੁੱਧ ਚਿੱਟੀ ਸਨੋਅ ਲੈ ਕੇ ਆਏ ਹੋ, ਤੁਸੀਂ ਇਸ ਤੋਂ ਪਹਿਲਾਂ ਇੰਗਲੈਂਡ, ਹਾਲੈਂਡ, ਸਵਿਟਜ਼ਰਲੈਂਡ, ਪੱਛਮੀ ਜਰਮਨੀ, ਇਟਲੀ ਵੀ ਘੁੰਮ ਕੇ ਆਏ ਹੋ, ਅਸੀਂ ਵੈਨਕੂਵਰ ਦੀ ਪੰਜਾਬੀ ਕਮਿਊਨਿਟੀ ਵਲੋਂ ਆਪ ਨੂੰ ਜੀਅ ਆਇਆਂ ਆਖਦੇ ਹਾਂ। ਸਾਨੂੰ ਬੜਾ ਮਾਣ ਹੈ ਕਿ ਤੁਹਾਡੇ ਵਰਗੇ ਵਿਦਵਾਨ ਸਾਡੇ ਕੋਲੇ ਪਹੁੰਚੇ ਹਨ। ਕੀ ਤੁਹਾਨੂੰ ਵੈਨਕੂਵਰ ਅਤੇ ਬੀ ਸੀ ਦੇ ਸ਼ਹਿਰ ਪਸੰਦ ਆਏ ?

ਸ. ਡੋਡ : ਮੈਨੂੰ ਵੈਨਕੂਵਰ ਅਤੇ ਬੀ ਸੀ ਬਹੁਤ ਪਸੰਦ ਆਇਆ ਹੈ। ਏਥੇ ਜੋ ਪੰਜਾਬੀ ਭਾਈਚਾਰਾ ਹੈ, ਜੋ ਪੰਜਾਬ ਤੋਂ ਆਏ ਲੋਕ ਹਨ, ਉਨ੍ਹਾਂ ਦਾ ਜੀਵਨ ਪੱਧਰ ਉਨ੍ਹਾਂ ਦੀ ਰਹਿਣੀ ਬਹਿਣੀ ਅਤੇ ਉਨ੍ਹਾਂ ਦਾ ਬੀ ਸੀ ਵਿਚ ਪ੍ਰਭਾਵ ਦੇਖ ਕੇ ਮੈਂ ਨਿਹਾਇਤ ਹੀ ਪ੍ਰਭਾਵਤ ਹੋਇਆ ਹਾਂ।

ਚਰਨਪਾਲ : ਅੱਜ ਤੁਸੀਂ ਵਿਕਟੋਰੀਆ ਅਸੈਂਬਲੀ ਵੀ ਦੇਖਣ ਗਏ ਸੀ, ਤੁਹਾਨੂੰ ਪੰਜਾਬ ਦੀ ਅਸੈਂਬਲੀ ਤੇ ਏਥੋਂ ਦੀ ਅਸੈਂਬਲੀ ਦੇ ਕੰਮ ਕਾਰ ਵਿਚ ਕੀ ਫਰਕ ਦੇਖਣ ਨੂੰ ਮਿਲਿਆ।

ਸ: ਡੋਡ : ਪੰਜਾਬ ਦੀ ਅਸੈਂਬਲੀ ਦਾ ਪੈਟਰਨ ਵੀ ਉਹੋ ਹੀ ਹੈ ਜੋ ਬ੍ਰਿਟਿਸ਼ ਤੋਂ ਗ੍ਰਹਿਣ ਕੀਤਾ ਹੈ ਤੇ ਕੈਨੇਡਾ ਦੀ ਅਸੈਂਬਲੀ ਦਾ ਪੈਟਰਨ ਵੀ ਉਹੋ ਹੀ ਹੈ। ਸਿਸਟਮ ਕਰੀਬ ਇਕੋ ਜਿਹਾ ਹੀ ਹੈ ਤੇ ਜਾਣਿਆ ਪਹਿਚਾਣਿਆ ਹੀ ਲੱਗਿਆ ਹੈ। [illegible] ਰਿਸ਼ਤੇਦਾਰਾਂ, ਨੂੰ ਮਿਲਦੇ ਹੋ, ਤੁਹਾਨੂੰ ਕਿਹੋ ਜਿਹਾ ਪ੍ਰਭਾਵ ਮਿਲਦਾ ਹੈ।

ਸ: ਡੋਡ : ਮੈਂ ਜਿਵੇਂ ਪਹਿਲਾਂ ਹੀ ਅਰਜ਼ ਕੀਤਾ ਹੈ ਮੈਨੂੰ ਐਸਾ ਪ੍ਰਭਾਵ ਮਿਲਦਾ ਹੈ ਕਿ ਸਾਡੇ ਲੋਕ ਜੋ ਇਥੇ ਕਾਰੋਬਾਰ ਕਰਦੇ ਹਨ ਤੇ ਰਹਿ ਰਹੇ ਹਨ

→

ਭਰੋਸੇਯੋਗਤਾ ਹੀ ਇਕੋ ਇਕ ਰਾਹ

—ਇੰਦਰਜੀਤ—

ਵਿਰੋਧੀ ਪਾਰਟੀਆਂ ਫੇਰ ਰਾਸ਼ਟਰੀ ਤੇ ਖੇਤਰੀ ਪੱਧਰਾਂ 'ਤੇ ਸਰਗਰਮ ਹੋ ਰਹੀਆਂ ਹਨ। ਏਕਤਾ ਵਿਚ ਇਕਮੁੱਠ ਅਤੇ ਕਾਂਗਰਸ (ਆਈ) ਦਾ ਭਰੋਸੇਯੋਗ ਬਦਲ ਬਣਾਉਣ ਦੇ ਨਵੇਂ ਸਿਰਿਓਂ ਯਤਨ ਕੀਤੇ ਜਾ ਰਹੇ ਹਨ ਬਿਨਾਂ ਸ਼ੱਕ ਆਮ ਚੋਣਾਂ ਹੋਣ ਵਿਚ ਅਜੇ ਦੋ ਸਾਲ ਬਾਕੀ ਹਨ ਪਰ ਇਹ ਸਮਾਂ ਏਨਾ ਲੰਮਾ ਵੀ ਨਹੀਂ ਹੈ ਕਿ ਸੰਗਠਿਤ ਹੋਇਆ ਵਿਰੋਧੀ ਧੜਾ ਇਕੱਠਾ ਹੋ ਕੇ ਸੱਤਾਧਾਰੀ ਪਾਰਟੀ ਨਾਲ ਇਕ ਵਧੀਆ ਅਰਥ ਭਰੀ ਲੜਾਈ ਨਾ ਲੜ ਸਕੇ। ਮੱਧਕਾਲੀ ਚੋਣਾਂ ਦੀ ਚਰਚਾ ਲਗਾਤਾਰ ਜਾਰੀ ਹੈ। ਭਾਵੇਂ ਸ੍ਰੀ ਰਾਜੀਵ ਗਾਂਧੀ ਨੇ ਅਜਿਹੇ ਕਿਸੇ ਕਦਮ ਦਾ ਖੰਡਨ ਕੀਤਾ ਹੈ। ਪਿਛਲੇ ਸਮੇਂ ਵਿਚ ਕਈ ਵਾਰ ਰਾਸ਼ਟਰੀ ਪੱਧਰ 'ਤੇ ਜਨਤਾ ਪਾਰਟੀਆਂ ਮੋਹਰੀ ਰਹੀਆਂ ਹਨ। ਪਿਛਲੇ ਹਫਤੇ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਬੈਠਕ ਨਵੀਂ ਦਿੱਲੀ ਵਿਚ ਸੱਦੀ ਗਈ। ਜਨਮੋਰਚੇ ਨੂੰ ਬਣਾਉਣ ਅਤੇ ਉਸ ਦੇ ਨੇਤਾ ਸ੍ਰੀ ਵਿਸ਼ਵ ਨਾਥ ਪ੍ਰਤਾਪ ਸਿੰਘ ਭਾਰਤੀ ਰਾਸ਼ਟਰੀ ਮਾਮਲਿਆਂ ਵਿਚ ਇਕ ਨਵੀਂ ਸ਼ਕਤੀ ਬਣ ਕੇ ਉਭਰੇ ਹਨ ਜਿਸ ਲਈ ਜਨਤਾ ਪਾਰਟੀ ਨੂੰ ਉਤਸ਼ਾਹ ਮਿਲਿਆ ਹੈ। ਆਮ ਲੋਕਾਂ ਨੂੰ ਕਿਸੇ ਹੋਰ ਵਿਅਕਤੀ ਦੀ ਭਰੋਸੇਯੋਗਤਾ ਵਿਚ ਏਨਾ ਵਿਸ਼ਵਾਸ ਨਹੀਂ। ਦਰਅਸਲ ਉਨ੍ਹਾਂ ਦੇ ਨੇੜਲੇ ਹਲਕਿਆਂ ਨੂੰ ਤਾਂ ਲਗਦਾ ਹੈ ਜਿਵੇਂ ਉਹ ਦੂਜੇ ਜੇ. ਪੀ. ਬਣ ਰਹੇ ਹਨ।

ਇਕਮੁੱਠ

ਦੂਜੇ ਪਾਸੇ ਗੋਆ ਦੇ ਮਹਾਰਾਸ਼ਟਰਵਾੜੀ ਗੋਮੰਤਕ ਪਾਰਟੀ ਨੇ ਖੇਤਰੀ ਪਾਰਟੀਆਂ ਵਿਚ ਏਕਤਾ ਬਣਾਉਣ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਇਕ ਸੰਘੀ ਸੰਸਥਾ ਦੇ ਰੂਪ ਵਿਚ ਰਾਸ਼ਟਰੀ ਇਕਮੱਤ ਬਣਾਉਣ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਉਣ ਵਾਲੇ ਹਫਤੇ ਦੇ ਅੰਤ 'ਤੇ ਪਾਨਾਜੀ ਵਿਚ ਇਕੋ ਜਿਹੇ ਵਿਚਾਰ ਰੱਖਣ ਵਾਲੀਆਂ ਖੇਤਰੀ ਪਾਰਟੀਆਂ ਦਾ ਸੰਮੇਲਨ ਬੁਲਾਇਆ ਜਾ ਰਿਹਾ ਹੈ। ਸੱਦੀਆਂ ਗਈਆਂ ਪਾਰਟੀਆਂ ਵਿਚ ਪ੍ਰਮੁੱਖ ਹਨ : ਤੇਲਗੂ ਦੇਸ਼ਮ, ਅਸਾਮ ਗਣ ਪ੍ਰੀਸ਼ਦ, ਡੀ. ਐਮ. ਕੇ., ਝਾਰਖੰਡ ਪਾਰਟੀ ਅਤੇ ਗੋਰਖਾ ਕੌਮੀ ਮੁਕਤੀ ਮੋਰਚਾ। ਐਮ. ਜੀ. ਪੀ. ਅਤੇ ਹੋਰ ਖੇਤਰੀ ਪਾਰਟੀਆਂ ਉਹੋ ਕੁਝ ਮਹਿਸੂਸ ਕਰ ਰਹੀਆਂ ਹਨ ਜੋ ਰਾਸ਼ਟਰੀ ਪੱਧਰ 'ਤੇ ਸੋਚਿਆ ਜਾ ਰਿਹਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਦੇਸ਼ ਨੂੰ ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ, ਪ੍ਰਸ਼ਾਸਨਿਕ ਕੁਪ੍ਰਬੰਧ ਅਤੇ ਆਰਥਿਕ ਸੰਤੁਲਨ ਤੋਂ ਬਚਾਉਣ ਲਈ ਫੌਰੀ ਕਦਮ ਚੁੱਕਣ ਦੀ ਲੋੜ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਖੇਤਰੀ ਪਾਰਟੀਆਂ ਨੂੰ ਦੇਸ਼ ਦੇ ਸਾਰੇ ਫਿਰਕਿਆਂ ਨੂੰ ਇਕ ਸੂਤਰ ਵਿਚ ਬੰਨ੍ਹਣ ਵਾਲੀ ਸਰਵੱਚ ਸ਼ਕਤੀ ਨਜ਼ਰ ਆਉਂਦੀ ਹੈ। ਸਾਡੇ ਦੇਸ਼ ਵਿਚ ਵੱਖ ਵੱਖ ਸਭਿਆਚਾਰ ਹਨ, ਖੇਤਰੀ ਆਸਾਂ ਹਨ ਅਤੇ ਇਛਾਵਾਂ ਵੱਖ ਵੱਖ ਹਨ ਤਾਂ ਵੀ ਉਨ੍ਹਾਂ ਨੂੰ ਆਸ਼ਾ ਦੀ ਕਿਰਨ ਦਿਖਾਈ ਦੇ ਰਹੀ ਹੈ। ਉਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਖੇਤਰੀ ਤੱਤਾਂ ਨੂੰ ਵੰਡਣ ਦੀ ਲੋੜ ਨਹੀਂ। ਸਾਂਝੇ ਸਿਧਾਂਤਾਂ ਅਤੇ ਆਰਥਿਕ ਤੇ ਰਾਜਸੀ ਸ਼ਕਤੀ ਦੇ ਵਿਕੇਂਦਰੀਕਰਨ ਦੀ ਮੰਗ ਦੇ ਸਹਾਰੇ ਉਹ ਇਕਮੁੱਠ ਹੋ ਜਾਣਗੇ।

ਸ੍ਰੀ ਚੰਦਰ ਸ਼ੇਖਰ, ਸ੍ਰੀ ਆਰ. ਕੇ. ਹੇਗੜੇ ਅਤੇ ਪ੍ਰੋ. ਮਧੂ ਦੰਡਵਤੇ ਵਰਗੇ ਸੀਨੀਅਰ ਜਨਤਾ ਆਗੂਆਂ ਨੇ ਵਿਰੋਧੀ ਪਾਰਟੀਆਂ ਵਿਚ ਏਕਤਾ ਸਥਾਪਤ ਕਰਨ ਲਈ ਨਵੇਂ ਸਿਰਿਓਂ ਜਿਹੜੇ ਯਤਨ ਸ਼ੁਰੂ ਕੀਤੇ ਹਨ, ਉਨ੍ਹਾਂ ਦਾ ਮੁੱਖ ਤੌਰ 'ਤੇ ਆਧਾਰ ਇਹ ਹੈ ਕਿ ਕੰਮ ਚਲਾਊ ਰਵੱਈਏ ਨਾਲ ਕੰਮ ਨਹੀਂ ਚੱਲੇਗਾ। ਦਰਅਸਲ ਪ੍ਰੋਫੈਸਰ ਦੰਡਵਤੇ ਨੇ ਮੈਨੂੰ ਕਿਹਾ ਹੈ, "ਅਸੀਂ ਇਸ ਪ੍ਰਕਿਰਿਆ ਵਿਚ ਬੇਕਾਰ ਹੀ ਦਸ ਮਹੀਨੇ ਬਰਬਾਦ ਕਰ ਦਿੱਤੇ ਹਨ।" ਉਹ ਅਤੇ ਜਨਤਾ ਪਾਰਟੀ ਦੇ ਹੋਰ ਆਗੂ ਸਪਸ਼ਟ ਤੌਰ 'ਤੇ ਇਹ ਜਾਣਦੇ ਹਨ ਕਿ ਮੌਜੂਦਾ ਹਾਲਤਾਂ ਵਿਚ ਵਿਰੋਧੀ ਪਾਰਟੀਆਂ ਦਾ ਆਪਸ ਵਿਚ ਮਿਲਣਾ ਸਮੇਂ ਦੀ ਬਰਬਾਦੀ ਹੋਵੇਗੀ। 1984 ਦੇ ਸ਼ੁਰੂ ਵਿਚ ਜਦੋਂ ਅਸਮਾਨ 'ਤੇ ਆਮ ਚੋਣਾਂ ਸਾਫ ਨਜ਼ਰ ਆ ਰਹੀਆਂ ਸਨ, ਉਦੋਂ ਪਟਨਾ ਵਿਚ ਜਨਤਾ ਪਾਰਟੀ ਦਾ ਕੌਮੀ ਸੰਮੇਲਨ ਬੁਲਾਇਆ ਗਿਆ ਸੀ। ਉਦੋਂ ਜੇ ਇਕ ਪਾਰਟੀ ਬਣ ਜਾਂਦੀ ਤਾਂ ਇਹ ਵਿਰੋਧੀ ਪਾਰਟੀਆਂ (ਅਤੇ ਦੇਸ਼) ਲਈ ਚੰਗਾ ਹੀ ਹੁੰਦਾ। ਪਰ ਉਦੋਂ ਬਹੁਤ ਘੱਟ ਲੋਕ ਦੇਸ਼ ਨੂੰ ਆਪਣੇ ਅਹਿਮ ਤੇ ਵਿਅਕਤੀਗਤ ਪਛਾਣ ਤੋਂ ਜ਼ਿਆਦਾ ਮਹੱਤਵ ਦੇਣ ਨੂੰ ਤਿਆਰ ਸਨ। ਮੰਨੇ ਹੋਏ ਮਸਲਿਆਂ ਨੂੰ ਲੈ ਕੇ ਏਕਤਾ ਵੱਲ ਸਾਂਝੀ ਕਾਰਵਾਈ ਕਰਨ ਦੇ ਨਵੇਂ ਸਿਰਿਓਂ ਯਤਨ ਹੋ ਰਹੇ ਹਨ। ਅਜਿਹਾ ਹੀ ਯਤਨ ਐਮਰਜੈਂਸੀ ਤੋਂ ਪਹਿਲਾਂ ਜੇ ਪੀ ਨੇ ਜਨ ਸੰਘਰਸ਼ ਕਮੇਟੀ ਦੇ ਮਾਧਿਅਮ ਰਾਹੀਂ ਕੀਤਾ ਸੀ। ਹੁਣ ਕਮੇਟੀ ਨੂੰ ਮੁੜ ਜੀਵਤ ਕੀਤਾ ਜਾ ਸਕਦਾ ਹੈ ਜਾਂ ਇਕ ਨਵੀਂ ਲੋਕ ਸੰਘਰਸ਼ ਕਮੇਟੀ ਬਣਾਈ ਜਾ ਸਕਦੀ ਹੈ।

ਕਮੇਟੀ ਬਣਾਉਣ ਦੇ ਸੁਆਲ ਨੂੰ ਲੈ ਕੇ ਕੁਝ ਮੁਢਲੇ ਕਦਮ ਚੁਕੇ ਗਏ ਹਨ ਅਤੇ ਪ੍ਰੋ: ਦੰਡਵਤੇ ਅਨੁਸਾਰ ਇਨ੍ਹਾਂ ਦੇ ਸਿੱਟੇ ਵਜੋਂ ਸਥਾਈ ਏਕਤਾ ਕਾਇਮ ਹੋ ਸਕਦੀ ਹੈ। ਜਨਤਾ ਪਾਰਟੀ ਅਤੇ ਜਨ ਮੋਰਚਾ ਸਾਂਝੇ ਰੂਪ ਵਿਚ ਕਮੇਟੀ ਬਣਾਉਣਗੇ। ਸੰਯੁਕਤ ਕਾਰਵਾਈ ਲਈ ਕੁਝ ਖੇਤਰਾਂ ਦਾ ਪਤਾ ਸ੍ਰੀ ਚੰਦਰ ਸ਼ੇਖਰ, ਸ੍ਰੀ ਹੇਗੜੇ, ਪ੍ਰੋ. ਦੰਡਵਤੇ, ਸ੍ਰੀ ਵੀ ਪੀ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਗੈਰ ਰਸਮੀ ਗੱਲਬਾਤ ਵਿਚ ਲਾਇਆ ਹੈ ਉਚੇ ਪੱਧਰ ਤੇ ਹੋ ਰਹੇ ਭ੍ਰਿਸ਼ਟਾਚਾਰ, ਜਿਸ ਦਾ ਪ੍ਰਤੀਕ ਬੋਫੋਰਜ਼ ਰਿਸ਼ਵਤ ਅਤੇ ਪਣਡੁੱਬੀ ਦਾ ਵਾਦ ਵਿਵਾਦ ਹੈ, ਦਾ ਅੰਤ ਕਰਨ ਲਈ ਪਹਿਲ ਦਿੱਤੀ ਜਾ ਰਹੀ ਹੈ। ਇਹ ਸੱਚ ਹੈ ਕਿ ਹੁਣ ਇਨ੍ਹਾਂ ਦੋਹਾਂ ਸੌਦਿਆਂ 'ਤੇ ਨਾ ਤਾਂ ਸੰਸਦ ਵਿਚ ਅਤੇ ਨਾ ਹੀ ਅਖਬਾਰਾਂ ਦੇ ਪਹਿਲੇ ਪੰਨਿਆਂ 'ਤੇ ਕੋਈ ਚਰਚਾ ਚੱਲ ਰਹੀ ਹੈ। ਪਰ ਇਹ ਸੋਚਣਾ ਗਲਤ ਹੈ ਕਿ ਮਾਮਲਾ ਠੱਪ ਹੋ ਗਿਆ ਹੈ। ਸਵੀਡਨ ਦੇ ਵਿਸ਼ੇਸ਼ ਪੁਲੀਸ ਦੰਡ ਅਧਿਕਾਰੀ ਨੇ ਅਜੇ ਆਪਣੀ ਜਾਂਚ ਵਾਲੀ ਰਿਪੋਰਟ ਦੇਣੀ ਹੈ। ਆਸ ਹੈ ਕਿ ਇਹ ਰਿਪੋਰਟ ਇਕ ਜਾਂ ਦੋ ਮਹੀਨਿਆਂ ਵਿਚ ਮਿਲ ਜਾਵੇਗੀ। ਬੋਫੋਰਜ਼ ਸੌਦੇ ਵਿਚ ਵੱਡੇ ਪੈਮਾਨੇ 'ਤੇ ਕਮਿਸ਼ਨ ਦਿੱਤਾ ਗਿਆ ਹੈ। ਇਸ ਇਕ ਮੂਲ ਤੱਥ ਦੀ ਪਿਠ ਭੂਮੀ ਵਿਚ ਨਵੇਂ ਸਿਰਿਓਂ ਵਿਸਫੋਟ ਸੰਭਵ ਹੋ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਅੱਜ ਸਵੀਡਨ ਦੇ ਪ੍ਰਚਾਰ ਪ੍ਰਸਾਰ ਸਾਧਨ ਅਦਾਇਗੀਆਂ ਨੂੰ ਰਿਸ਼ਵਤ ਦੱਸ ਰਹੇ ਹਨ।

ਜਨ ਮੋਰਚਾ ਅਤੇ ਵਿਰੋਧੀ ਪਾਰਟੀਆਂ ਲਈ ਇਹ ਇਕ ਖੁਸ਼ਕਿਸਮਤੀ ਵਾਲੀ ਗੱਲ ਹੈ ਕਿ ਸ੍ਰੀ ਵੀ ਪੀ ਸਿੰਘ ਦੀ ਛਬੀ ਚੰਗੀ ਹੈ। ਉਨ੍ਹਾਂ ਦੀ ਛਬੀ ਖਰਾਬ ਕਰਨ ਦੇ ਅਸਫਲ ਯਤਨ ਕਾਂਗਰਸ (ਆਈ) ਨੇ ਕੀਤੇ ਹਨ। ਉਨ੍ਹਾਂ ਦੇ ਕੁਝ ਦੁਸ਼ਮਣ ਫੇਅਰਫੈਕਸ ਜਾਂਚ 'ਤੇ ਨਜ਼ਰਾਂ ਟਿਕਾਈ ਬੈਠੇ ਹਨ। ਫੇਅਰ ਫੈਕਸ ਦੇ ਵਿਹਾਰ ਤੇ ਅਨੇਕਾਂ ਲੋਕ ਹੈਰਾਨ ਹਨ। ਭਾਵੇਂ ਉਸ ਦੀ ਰਿਪੋਰਟ ਦੀ ਇੰਤਜ਼ਾਰ ਵਿਚ ਸ੍ਰੀ ਵੀ ਪੀ ਸਿੰਘ ਦੀਆਂ ਰਾਤਾਂ ਦੀ ਨੀਂਦ ਖਰਾਬ ਹੋ ਰਹੀ ਹੈ। ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਮੈਨੂੰ ਕਿਹਾ ਸੀ, "ਮੈਂ ਕੋਈ ਗਲਤ ਕੰਮ ਨਹੀਂ ਕੀਤਾ। ਮੇਰੇ ਹੱਥ ਸਾਫ ਅਤੇ ਮੇਰੀ ਆਤਮਾ ਨਿਰਮਲ ਹੈ।" ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਐਨ. ਟੀ. ਰਾਮਾਰਾਓ ਨੇ ਇਸੇ ਦੌਰਾਨ ਆਪਣੇ ਜਵਾਈ ਸ੍ਰੀ ਚੰਦਰਾ ਬਾਬਾ ਨਾਇਡੂ 'ਤੇ ਲਾਏ ਗਏ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਜਾਂਚ ਕਮਿਸ਼ਨ ਨਿਯੁਕਤ ਕਰ ਕੇ ਉਚਿਤ ਫੈਸਲਾ ਕੀਤਾ ਹੈ ਅਤੇ ਵਿਰੋਧੀ ਨੇਤਾਵਾਂ ਨੇ ਰਾਹਤ ਦਾ ਸਾਹ ਲਿਆ ਹੈ। ਇਸ ਕਮਿਸ਼ਨ ਦੇ ਪ੍ਰਧਾਨ ਹਨ ਦਿੱਲੀ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਸ੍ਰੀ ਆਰ ਐਨ ਅਗਰਵਾਲ। ਇਸ ਨਾਲ ਵਿਰੋਧੀ ਧਿਰ ਦੀ ਛਬੀ ਸੁਧਰੀ ਹੈ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਹੋਇਆ ਹੈ। ਮਹੱਤਵਪੂਰਨ ਗੱਲ ਹੈ ਕਿ ਜਸਟਿਸ ਸ੍ਰੀ ਅਗਰਵਾਲ ਆਪਣੀ ਸੁਤੰਤਰਤਾ ਅਤੇ ਜਾਂਚ ਸ਼ਕਤੀ ਲਈ ਪ੍ਰਸਿੱਧ ਹਨ ਅਤੇ ਇਸ ਦੀ ਕੀਮਤ ਉਨ੍ਹਾਂ ਨੇ ਐਮਰਜੈਂਸੀ ਵੇਲੇ ਚੁਕਾਈ ਸੀ।

ਬਿਨਾਂ ਦੇਰ ਕੀਤੇ ਚੋਣ ਸੁਧਾਰਾਂ ਦੀ ਆਪਣੀ ਮੰਗ ਤੇ ਵਿਰੋਧੀ ਪਾਰਟੀਆਂ ਜ਼ਿਆਦਾ ਜ਼ੋਰ ਦੇਣਗੀਆਂ। ਸਿੱਕੇ ਦੇ ਫੈਲਾਅ ਰੋਕਣ, ਕਿਸਾਨਾਂ ਨੂੰ ਲਾਭਵੰਦ ਕੀਮਤਾਂ ਦਿਵਾਉਣ ਅਤੇ ਆਰਥਿਕ ਤੇ ਰਾਜਨੀਤਕ ਸ਼ਕਤੀ ਦੇ ਵਿਕੇਂਦਰੀਕਰਨ 'ਤੇ ਵੀ ਜ਼ੋਰ ਦਿੱਤਾ ਜਾਵੇਗਾ (ਕੇਂਦਰ ਅਤੇ ਰਾਜਾਂ ਦੇ ਟਕਰਾਓ ਦਾ ਇਕ ਕਾਰਨ ਹੈ ਨਵੀਂ ਦਿੱਲੀ ਵਿਚ ਸ਼ਕਤੀ ਦਾ ਜ਼ਿਆਦਾ ਕੇਂਦਰੀਕਰਨ) ਕਾਂਗਰਸ (ਆਈ) ਵਿਚ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਕੀਮਤਾਂ ਵਿਚ ਵਾਧੇ ਦੇ ਫਲਸਰੂਪ ਹੀ ਉਚੀ ਪੱਧਰ 'ਤੇ ਹੋ ਰਹੇ ਭ੍ਰਿਸ਼ਟਾਚਾਰ ਪ੍ਰਤੀ ਏਨਾ ਰੋਸ ਪਾਇਆ ਜਾ ਰਿਹਾ ਹੈ ਕੁਝ ਦਿਨਾ ਪਹਿਲਾਂ ਯੂ. ਪੀ. ਤੋਂ ਆਏ ਕੁਝ ਪੇਂਡੂਆਂ ਨੇ ਕਿਹਾ, "ਭਾਰਤ ਵਿਚ ਭ੍ਰਿਸ਼ਟਾਚਾਰ ਕੋਈ ਨਵੀਂ ਘਟਨਾ ਨਹੀਂ। ਨਾ ਹੀ ਇਹ ਕਾਂਗਰਸ (ਆਈ) ਦੇ ਰਾਜਕਾਲ ਜਾਂ ਵਿਰੋਧੀ ਪਾਰਟੀਆਂ ਦੇ ਰਾਜਕਾਲ ਲਈ ਕੋਈ ਨਵੀਂ ਗੱਲ ਹੈ। ਜਦੋਂ ਲੋਕ ਦੇਖਦੇ ਹਨ ਕਿ ਕੀਮਤਾਂ ਦੇ ਵਾਧੇ ਕਾਰਨ ਸੱਤਾਧਾਰੀਆਂ 'ਤੇ ਕੋਈ ਅਸਰ ਨਹੀਂ ਪੈ ਰਿਹਾ ਤਾਂ ਉਨ੍ਹਾਂ ਦੀ ਪ੍ਰਤੀਕਿਰਿਆ ਤੀਬਰ ਹੋ ਜਾਂਦੀ ਹੈ। ਜਦੋਂ ਸ਼ਾਸਕ ਵਰਗ ਹੀ ਸ਼ਾਨ ਸ਼ੌਕਤ ਵਾਲਾ ਨਜ਼ਰ ਆਉਂਦਾ ਹੈ ਤਾਂ ਭ੍ਰਿਸ਼ਟਾਚਾਰ ਨਜ਼ਰ ਆਉਣ ਲੱਗਦਾ ਹੈ ਅਤੇ ਮਨ ਨੂੰ ਠੇਸ ਪਹੁੰਚਦੀ ਹੈ। ਹੁਣ ਬਹੁਤ ਜ਼ਿਆਦਾ ਲੋਕ ਭ੍ਰਿਸ਼ਟਾਚਾਰ ਦੀਆਂ ਗੱਲਾਂ ਕਰਨ ਲੱਗੇ ਹਨ ਅਤੇ ਸਖਤ ਕਾਰਵਾਈ ਦੀ ਮੰਗ ਕਰ ਰਹੇ ਹਨ।

ਸੰਘਰਸ਼ ਕਮੇਟੀ ਵਿਚ ਸਰਗਰਮ ਤੌਰ 'ਤੇ ਸ਼ਾਮਲ ਹੋਣ ਲਈ ਬਹੁਤ ਜ਼ਿਆਦਾ ਪਾਰਟੀਆਂ ਨੂੰ ਸ਼ਾਮਲ ਹੋਣ ਲਈ ਕਿਹਾ ਜਾਵੇਗਾ। ਜ਼ਿਆਦਾ ਤਰ ਜਨਤਾ ਪਾਰਟੀ ਦੇ ਨੇਤਾ ਭਾਜਪਾ ਪ੍ਰਤੀ ਸ਼ੰਕੇ ਵਿਚ ਹਨ। ਪਰ ਇਹ ਉਹ ਸਪਸ਼ਟ ਜਾਣਦੇ ਹਨ ਕਿ ਅਜੀਤ ਸਿੰਘ ਅਤੇ ਸ੍ਰੀ ਐਚ ਐਨ ਬਹੁਗੁਣਾ ਦੀ ਅਗਵਾਈ ਵਿਚ ਦੋਹਾਂ ਲੋਕ ਦਲਾਂ ਨੂੰ ਆਪਣੇ ਨਾਲ ਮਿਲਾਉਣਾ ਜ਼ਰੂਰੀ ਹੈ। ਇਹ ਆਖਣਾ ਬੇਕਾਰ ਹੈ ਕਿ ਹਰਿਆਣਾ ਚੋਣਾਂ ਵਿਚ ਲੋਕ ਦਲ (ਬ) ਨੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਸੀ। ਭਾਵੇਂ ਜਨਤਾ ਪਾਰਟੀ ਦੇ ਨੇਤਾ ਮਹਿਸੂਸ ਕਰਦੇ ਹਨ ਕਿ ਚਰਨ ਸਿੰਘ ਦੇ ਪੁੱਤਰ ਅਜੀਤ ਸਿੰਘ ਦੇ ਲੋਕ ਦਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਾਲ ਹੀ ਵਿਚ ਜਨਤਾ ਪਾਰਟੀ ਅਤੇ ਜਨ ਮੋਰਚਾ ਦੇ ਨੇਤਾ ਸਹਾਰਨਪੁਰ ਗਏ ਸਨ। ਪੱਛਮੀ ਯੂ ਪੀ ਵਿਚ ਸਵਰਗੀ ਚੌਧਰੀ ਚਰਨ ਸਿੰਘ ਦਾ ਬੜਾ ਆਦਰ ਸਤਿਕਾਰ ਹੈ। ਇਹ ਤਾਂ ਸਪਸ਼ਟ ਹੋ ਗਿਆ ਹੈ। ਇਸ ਲਈ ਚੰਦਰ ਸ਼ੇਖਰ ਅਤੇ ਵੀ ਪੀ ਸਿੰਘ ਦੋਹਾਂ ਲੋਕ ਦਲਾਂ ਦੀ ਸਾਂਝ ਲਈ ਕੋਸ਼ਿਸ਼ ਕਰਨਗੇ।

ਜਨਤਾ ਅਤੇ ਜਨ ਮੋਰਚਾ ਨੇਤਾਵਾਂ ਦਾ ਵਿਸ਼ਵਾਸ ਹੈ ਕਿ ਉਹ ਆਪਣੀਆਂ ਮੰਗਾਂ ਅਤੇ ਮੁਹਿਮ ਲਈ ਸਮੂਹਿਕ ਸਮਰਥਨ ਪ੍ਰਾਪਤ ਕਰ

→

ਉਨ੍ਹਾਂ ਦਾ ਜੀਵਨ ਪੱਧਰ ਉਚਾ ਹੈ। ਅਜਿਹੀ ਰਹਿਣੀ ਬਹਿਣੀ ਪੰਜਾਬ ਦੇ ਅਮੀਰ ਘਰਾਂ ਦੇ ਵੀ ਨਹੀਂ ਹੈ। ਅਜਿਹੀਆਂ ਸਹੂਲਤਾਂ ਉਥੇ ਹਾਸਲ ਨਹੀਂ ਹੋ ਸਕਦੀਆਂ ਜੋ ਇਥੇ ਹਨ। ਬਹੁਤ ਹੀ Sphisticated ਰਹਿਣੀ ਬਹਿਣੀ ਹੈ। ਮੈਂ ਤਾਂ ਇਸ ਤਰ੍ਹਾਂ ਮਹਿਸੂਸ ਕਰਦਾ ਹਾਂ ਜਿਵੇਂ ਰਾਜੇ ਲੋਕਾਂ ਦਾ ਰਹਿਣਾ ਹੁੰਦਾ ਸੀ, ਏਥੋਂ ਦੇ ਭਾਈਚਾਰੇ ਦਾ ਰਹਿਣਾ ਏਦਾਂ ਦਾ ਹੈ।

ਚਰਨਪਾਲ : ਬੜੀ ਖੁਸ਼ੀ ਹੈ। ਪਰ ਤੁਸੀਂ ਵੀ ਚੰਡੀਗੜ੍ਹ ਰਹਿੰਦੇ ਹੋ ਤੁਹਾਡੇ ਕੋਲ ਵੀ ਕਾਰਾਂ ਹਨ। ਸਾਡੇ ਕੋਲ ਵੀ ਕਾਰਾਂ ਜ਼ਰੂਰ ਹਨ। ਮੈਨੂੰ ਤਾਂ ਏਨਾ ਫਰਕ ਲੱਗਦਾ ਨਹੀਂ। ਤੁਹਾਡੇ ਵੀ ਜਿਹੜੀ Middle class ਹੈ ਉਹਦੇ ਵਰਗੇ ਹੀ ਏਥੇ ਲੋਕ ਰਹਿੰਦੇ ਹਨ।

ਸ: ਡੋਡ : ਮੈਂ ਇਹ ਕੋਈ ਗੱਲ ਵਡਿਆਈ ਲਈ ਜਾਂ Exaggeration ਲਈ ਨਹੀਂ ਕਹੀ। ਮੈਂ ਆਪਣੇ ਦਿਲੀ ਪ੍ਰਭਾਵ ਦੀ ਗੱਲ ਕਹੀ ਹੈ। ਮੈਂ ਚੰਡੀਗੜ੍ਹ ਵਿਚ ਰਹਿੰਦਾ ਹਾਂ। ਮੇਰੇ ਕੋਲ ਦੋ ਕਨਾਲ ਜਾਂ 1000 ਗਜ਼ ਦੀ ਡਬਲ ਸਟੋਰੀ ਘਰ ਹੈ। ਕਾਰਾਂ ਵੀ ਹਨ। ਲੇਕਿਨ ਇਸ ਦੇ ਬਾਵਜੂਦ ਰਹਿਣੀ ਬਹਿਣੀ ਦਾ Gap ਹੈ। ਤੁਹਾਡੀ ਰਹਿਣੀ ਬਹਿਣੀ ਵਾਕਏ ਹੀ ਉਚੀ ਹੈ।

ਚਰਨਪਾਲ : ਜਿਹੜੇ ਅਸੀਂ ਪਹਿਲੀ ਪੀੜ੍ਹੀ ਦੇ ਪੰਜਾਬ ਤੋਂ ਆਏ ਹਾਂ — ਸਾਨੂੰ ਜਦੋਂ ਪੰਜਾਬ ਤੋਂ ਕੋਈ ਵੀ ਵਿਅਕਤੀ ਆਉਂਦਾ ਹੈ ਤਾਂ ਉਨ੍ਹਾਂ ਨਾਲ ਗੱਲ ਕਰਕੇ ਸਾਨੂੰ ਬੜੀ ਖੁਸ਼ੀ ਮਿਲਦੀ ਹੈ। ਇਕ ਤਾਂ ਇਹ ਕਿ ਸਾਨੂੰ ਪੰਜਾਬੀ ਬੋਲੀ ਨਾਲ ਪਿਆਰ ਹੈ। ਇਕ ਤੁਸੀਂ ਸਾਡੀ ਮਾਂ-ਧਰਤੀ ਤੋਂ ਆਏ ਹੋ ਜਿਸਦੀ ਮਿੱਟੀ ਵਿਚ ਅਸੀਂ ਖੇਡ ਕੇ ਪਲੇ ਹਾਂ — ਸਾਨੂੰ ਉਥੋਂ ਦੀ ਗੱਲ ਦੱਸੋ। ਏਥੇ ਅਖਬਾਰਾਂ ਵਿਚ ਬੜਾ ਪ੍ਰਾਪੇਗੰਡਾ ਆਉਂਦੈ ਕਿ ਉਥੇ ਇਹ ਹੋ ਗਿਆ, ਔਹ ਹੋ ਗਿਆ। ਕੀ ਕੁਝ ਹੋ ਰਿਹਾ? ਕੀ ਅਮਨ ਦੀ ਆਸ ਹੈ? ਕੀ ਲੋਕਾਂ ਨੂੰ ਇਹ ਪਤਾ ਕਿ ਅਸੀਂ ਦੇਸ਼ ਦੀ ਆਰਥਿਕਤਾ ਸੁਧਾਰਨੀ ਹੈ — ਦੇਸ਼ ਨੂੰ ਉਚਾ ਕਰਨਾ ਹੈ?

ਸ: ਡੋਡ : ਇਹ ਗੱਲ ਠੀਕ ਹੈ ਕਿ ਤੁਹਾਨੂੰ ਏਥੇ ਆ ਕੇ ਪਿਆਰ ਦਾ ਉਭਾਰ ਆਵੇ। ਸਾਡੀ ਇਕ ਬੁਨਿਆਦੀ ਸਾਂਝ ਹੈ ਪੰਜਾਬੀਅਤ ਦੀ। ਜੋ ਧਰਤੀ ਹੈ ਪੰਜਾਬ ਦੀ ਜਿਸਦੇ ਤੁਸੀਂ ਵੀ ਜੰਮਪਲ ਹੋ, ਉਸ ਨਾਲ ਤੁਹਾਡਾ ਗਹਿਰਾ ਸਨੇਹ ਹੈ। ਇਹ ਕੁਦਰਤੀ ਜਜ਼ਬੇ ਦੀ ਸਾਂਝ ਹੈ। ਮੈਨੂੰ ਵੀ ਏਥੇ ਆ ਕੇ ਏਸੇ ਕਾਰਨ ਖੁਸ਼ੀ ਹੈ ਕਿ ਮੈਂ ਆਪਣੇ ਭਾਈਆਂ ਵਿਚਕਾਰ ਵਿਚਰ ਰਿਹਾ ਹਾਂ। ਉਨ੍ਹਾਂ ਨੂੰ ਮਿਲ ਰਿਹਾ ਹਾਂ। ਉਨ੍ਹਾਂ ਦਾ ਕਾਰੋਬਾਰ, ਉਨ੍ਹਾਂ ਦਾ ਸਨਮਾਨ ਜੋ ਇਥੇ ਸੁਸਾਇਟੀ ਵਿਚ ਹੈ, ਇਥੇ ਜੋ ਥਾਂ ਬਣਾਈ ਹੈ, ਉਸਨੂੰ ਸਮਝਣ ਦਾ ਮੌਕਾ ਮਿਲ ਰਿਹਾ ਹੈ। ਉਸ ਨਾਲ ਖੁਸ਼ੀ ਹੈ। ਇਹ ਸਾਡੇ ਲਈ ਗੌਰਵ ਦੀ ਗੱਲ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬੀ ਕਿਰਦਾਰ ਦੀ ਇਕ ਬੁਨਿਆਦੀ ਖਾਸੀਅਤ ਹੈ ਜਿਥੇ ਵੀ ਪੰਜਾਬੀ ਜਾਂਦਾ ਹੈ, ਉਥੇ ਆਪਣੇ ਲਈ ਸਨਮਾਨ ਪੈਦਾ ਕਰਦਾ ਹੈ। ਉਥੋਂ ਦੇ ਸਮਾਜ ਵਿਚ ਸੁਸਾਇਟੀ ਵਿਚ। ਅਗਾਂਹਵਧੂ ਹੋ ਕੇ ਵਿਚਰਦਾ।

ਚਰਨਪਾਲ : ਅਸੀਂ ਚਾਹੁੰਦੇ ਹਾਂ ਕਿ ਜਦ ਤੁਸੀਂ ਪੰਜਾਬ ਵਾਪਸ ਜਾਓ ਤਾਂ ਅਸੈਂਬਲੀ ਵਿਚ ਖੜ੍ਹਕੇ ਦੱਸੋ ਕਿ ਸਾਡੇ ਲੋਕ ਇਥੇ ਕਿੰਨੇ ਮਿਹਨਤੀ ਨੇ — ਸਾਡੇ ਬਿਜ਼ਨਿਸ ਵਿਚ ਲੋਕ ਨੇ, ਸਰਕਾਰਾਂ ਵਿਚ ਵੀ ਕੰਮ ਕਰਦੇ ਨੇ, ਪੇਪਰ ਵੀ ਕੱਢਦੇ ਨੇ, ਬੜੇ ਵਿਦਵਾਨ ਨੇ, ਸਿਆਸਤ ਵਿਚ ਹਿੱਸਾ ਲੈਂਦੇ ਹਨ — ਤੇ ਏਕਤਾ ਸਾਡੀ ਵੱਧ ਰਹੀ ਹੈ। ਤੁਸੀਂ ਇਹ ਉਮੀਦ ਦਿਓ ਕਿ ਅਸੀਂ ਆਪਸ ਵਿਚ ਵੰਡੇ ਹੋਏ ਨਹੀਂ, ਅਸੀਂ ਛੇਤੀ ਹੀ ਇਕੱਠੇ ਹੋ ਰਹੇ ਹਾਂ — ਉਨ੍ਹਾਂ ਨੂੰ ਇਹ ਆਸਰਾ ਹੋਵੇ ਕਿ ਅਸੀਂ ਪੰਜਾਬੀਅਤ ਨੂੰ ਉਚਾ ਕਰ ਰਹੇ ਹਾਂ —

ਸ: ਡੋਡ : ਇਹ ਕੋਈ ਕਹਿਣ ਦੀ ਗੱਲ ਨਹੀਂ — ਇਹ ਤਾਂ ਜੋ ਪ੍ਰਭਾਵ ਮੈਂ ਇਥੋਂ ਲੈ ਕੇ ਚਲਿਆ ਹਾਂ — ਉਨ੍ਹਾਂ ਨੂੰ ਆਪਣੇ ਭਾਈਆਂ ਵਿਚ, ਅਸੈਂਬਲੀ ਵਿਚ, ਆਪਣੇ ਚੌਗਿਰਦੇ ਵਿਚ ਦਰਸਾਉਣਾ ਕੁਦਰਤੀ ਹੈ। ਜੋ ਪ੍ਰਭਾਵ ਮੈਂ ਇਥੋਂ ਲਏ ਹਨ, ਉਹ ਸਹੀ ਸਹੀ ਮੈਂ ਦੱਸਾਂਗਾ ਜ਼ਰੂਰ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਲਈ ਤੁਹਾਡੇ ਮਨ ਵਿਚ, ਪ੍ਰੋਗਰਾਮ ਵਿਚ, ਤੁਹਾਡੀ ਸੋਚ ਵਿਚ ਸਾਡੇ ਲਈ ਦਰਦ ਹੈ, ਸਾਡੇ ਲਈ ਫਿਕਰ ਹੈ। ਤੁਸੀਂ ਸਾਡੇ ਭਵਿਖ ਲਈ ਫਿਕਰਮੰਦ ਹੋ, ਏਸੇ ਕਾਰਨ ਏਕਤਾ ਚਾਹੁੰਦੇ ਹੋ। ਐਸ ਵੇਲੇ ਹਾਲਾਤ ਐਸੇ ਹੈ ਕਿ ਅੱਗੇ ਤਾਂ ਤੁਸੀਂ ਪੰਜਾਬ ਤੋਂ ਕੋਈ ਰੌਸ਼ਨੀ ਦੀ ਆਸ ਕਰਦੇ ਸੋ, ਅੱਜ ਪੰਜਾਬ ਬਾਹਰਲੇ ਵਸਦੇ ਭਾਈਆਂ ਤੋਂ ਕੋਈ ਰੌਸ਼ਨੀ ਦੀ, ਸਮਰੱਥਾ ਦੀ, ਤਾਕਤ ਦੀ ਆਸ ਕਰਦਾ ਹੈ।

ਚਰਨਪਾਲ : ਸਾਨੂੰ ਖੁਸ਼ੀ ਹੋਵੇਗੀ ਜਦੋਂ ਪੰਜਾਬ ਵਲੋਂ ਸਾਨੂੰ ਠੰਡੀ ਹਵਾ ਆਵੇਗੀ। ਕਿਉਂਕਿ ਅਸੀਂ ਏਥੇ ਆਪਣੇ ਪੰਜਾਬੀ ਸਭਿਆਚਾਰ ਨੂੰ ਜਿਉਂਦਾ ਰੱਖਣ ਲਈ ਬੜਾ ਕੰਮ ਕਰ ਰਹੇ ਹਾਂ। ਜਦੋਂ ਵਿਆਹ ਹੁੰਦੇ ਹਨ ਤਾਂ ਪੰਜਾਬ ਵਾਂਗ ਹੀ ਭੰਗੜੇ ਪੈਂਦੇ ਹਨ, ਗੀਤ ਗਾਏ ਜਾਂਦੇ ਹਨ, ਗਿੱਧੇ ਪੈਂਦੇ ਹਨ। ਏਸੇ ਤਰ੍ਹਾਂ ਪੰਜਾਬੀ ਦੇ ਚਾਰ ਪੰਜ ਅਖਬਾਰ ਨਿਕਲ ਰਹੇ ਹਨ — ਕਹਾਣੀਆਂ, ਕਵਿਤਾਵਾਂ, ਸਾਹਿਤ ਦੀ ਆਲੋਚਨਾ ਹੋ ਰਹੀ ਹੈ। ਸਾਹਿਤ ਸਿਰਜਣਾ ਹੋ ਰਹੀ ਹੈ ਜਿਵੇਂ ਪੰਜਾਬ ਵਿਚ ਹੋ ਰਹੀ ਹੈ। ਏਸ ਨੂੰ ਤੁਸੀਂ ਛੋਟਾ ਪੰਜਾਬ ਹੀ ਮੰਨ ਲਓ। ਅਸੀਂ ਪੰਜਾਬੀ ਖੁਸ਼ ਹੋ ਕੇ ਰਹਿ ਰਹੇ ਹਾਂ।

ਸ: ਡੋਡ : ਇਹ ਬੜੀ ਖੁਸ਼ੀ ਤੇ ਗੌਰਵ ਦੀ ਗੱਲ ਹੈ ਕਿ ਤੁਸੀਂ ਪੰਜਾਬੀਅਤ ਨੂੰ ਇਥੇ ਉਜਾਗਰ ਕਰ ਰਹੇ ਹੋ। ਪੰਜਾਬੀ ਸਾਹਿਤ ਦੀ ਸਿਰਜਣਾ ਵੀ ਉਥੇ . ਉਸੇ ਤਰ੍ਹਾਂ ਹੋ ਰਹੀ ਹੈ ਜਿਵੇਂ ਪੰਜਾਬ ਵਿਚ ਹੋ ਰਹੀ ਹੈ। ਤੁਸੀਂ ਸਾਡੇ ਪੰਜਾਬ ਲਈ ਮਾਣ ਹੋ।

ਚਰਨਪਾਲ : ਅੱਜ ਸਾਡੇ ਸਟੱਡੀਓ ਵਿਚ ਦਰਸ਼ਨ ਗਿੱਲ ਵੀ ਆਏ ਹੋਏ ਹਨ ਜੋ 'ਕੈਨੇਡਾ ਦਰਪਣ' ਦੇ ਐਡੀਟਰ ਹਨ। ਉਹ ਵੀ ਕੁਝ ਸਵਾਲ ਕਰਨਾ ਚਾਹੁੰਦੇ ਹਨ।

ਦਰਸ਼ਨ ਗਿੱਲ : ਡੋਡ ਸਾਹਿਬ, ਮੇਰਾ ਇਕ ਸਵਾਲ ਹੈ ਕਿ ਜਿਹੜਾ ਪੰਜਾਬੀ ਸਭਿਆਚਾਰ ਹੈ, ਉਹ ਇਸ ਵੇਲੇ ਸਾਰੇ ਵਿਸ਼ਵ ਵਿਚ ਫੈਲਿਆ ਹੋਇਆ ਸਭਿਆਚਾਰ ਹੈ। ਜਿਹੜਾ ਪੰਜਾਬੀਅਤ ਦਾ ਸੰਕਲਪ ਹੈ, ਉਹ ਸੰਕਲਪ ਇਸ ਵੇਲੇ ਅੱਜ ਦੇ ਪੰਜਾਬ ਵਿਚ ਜ਼ਖਮੀ ਹੋਇਆ ਹੈ, ਇਸ ਬਾਰੇ ਤੁਹਾਡੇ ਕੀ ਵਿਚਾਰ ਹਨ?

ਸ: ਡੋਡ : ਜੋ ਗਿੱਲ ਸਾਹਿਬ ਤੁਸੀਂ ਫੁਰਮਾਇਆ ਹੈ, ਇਹ ਬਿਲਕੁਲ ਦਰੁਸਤ ਹੈ। ਪੰਜਾਬੀ ਸਭਿਆਚਾਰ ਦਾ ਜੋ ਉਭਾਰ ਹੈ ਤੇ ਜੋ ਮੈਂ ਯੂਰਪ, ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਿਚ ਦੇਖਿਆ ਹੈ — ਮੈਨੂੰ ਇਝ ਜਾਪਿਆ ਹੈ ਪੰਜਾਬ ਚਾਰ-ਚੁਫੇਰੇ ਫੈਲਿਆ ਜਾਪਿਆ ਹੈ। ਇੰਝ ਜਾਪਿਆ ਹੈ ਜਿਵੇਂ ਪੰਜਾਬ ਚਾਰ-ਚੁਫੇਰੇ ਛਾ ਰਿਹਾ ਹੈ। ਇਹ ਮੇਰਾ ਇਸ ਦੌਰੇ ਵਿਚ ਹਾਸਲ ਕੀਤਾ ਪ੍ਰਭਾਵ ਹੈ। ਇਹ ਵੀ ਤੁਸੀਂ ਠੀਕ ਕਿਹਾ ਹੈ ਕਿ ਪੰਜਾਬੀ ਸਭਿਆਚਾਰ ਕਾਫੀ ਬੁਰੀ ਤਰ੍ਹਾਂ ਆਪਣੀ ਜਨਮ-ਭੂਮੀ ਵਿਚ ਜ਼ਖਮੀ ਹੋਇਆ ਹੈ। ਕੁਝ ਗਲਤ ਲੀਹਾਂ ਉਤੇ ਕੁਝ ਗਲਤ ਅਨਸਰ ਤੁਰੇ, ਉਸ ਨਾਲ ਪੰਜਾਬੀਅਤ ਵੀ ਜ਼ਖਮੀ ਹੋਈ ਤੇ ਮੈਂ ਕਹਾਂਗਾ ਕਿ ਜੋ ਪੰਜਾਬ ਦਾ ਵਿਸ਼ੇਸ਼ ਧਰਮ ਹੈ — ਸਿਖ ਧਰਮ ਸਿਖੀ ਵੀ ਜ਼ਖਮੀ ਹੋਈ। ਇਹ ਇਕ ਗਲਤ ਸੋਚ ਹੈ ਜੋ ਸਿਖੀ ਦੇ ਬੁਨਿਆਦੀ ਆਦਰਸ਼ ਦੇ ਖਿਲਾਫ ਹੈ। ਸਿੱਖੀ ਦਾ ਸਿਧਾਂਤ ਤਾਂ ਹੈ 'ਸਭੇ ਸਾਂਝੀਵਾਲ ਸਦਾਇਨ ਕੋਈ ਨ ਦਿਸੈ ਬਾਹਰਾ ਜੀਉ'। ਸਿਖ ਤਾਂ ਹਰ ਰੋਜ਼ ਅਰਦਾਸ ਕਰਦਾ ਤੇ 'ਸਰਬਤ ਦਾ ਭਲਾ' ਮੰਗਦਾ ਹੈ। ਨਾ ਆਪਦਾ, ਨਾ ਸਿਖਾਂ ਦਾ, ਨਾ ਪੰਜਾਬ ਦਾ; ਸਗੋਂ ਉਹ ਤਾਂ ਸਾਰੀ ਦੁਨੀਆਂ ਦਾ ਭਲਾ ਮੰਗਦਾ ਹੈ। ਕਿਥੇ ਤਾਂ ਉਹ ਉਚਾ ਆਦਰਸ਼ ਹੈ। ਕਿਥੇ ਹੁਣ ਨਿਕੇ ਮੋਟੇ ਮਤਭੇਦ ਕਰਕੇ, ਜ਼ਖਮੀ ਹੋਣ ਦੀ ਗੱਲ ਜੋ ਤੁਸੀਂ ਕੀਤੀ ਹੈ, ਕਤਲੋਗਾਰਤ ਦੀ ਕੀਤੀ ਹੈ, ਇਹ ਬਹੁਤ ਹਾਨੀਕਾਰਕ ਹੀ ਨਹੀਂ ਸਿੱਖੀ ਲਈ, ਇਹ ਬਹੁਤ ਨਿਰਾਦਰੀ ਦੀ ਗੱਲ ਹੈ। ਇਹ ਸਿਖ ਕਦਰਾਂ ਕੀਮਤਾਂ ਨੂੰ ਗਲਤ ਤੌਰ ਉਤੇ ਪੇਸ਼ ਕਰਨ ਦੀ ਗੱਲ ਹੈ। ਮੈਂ ਤਾਂ ਅਰਦਾਸ ਕਰਦਾ ਹਾਂ ਕਿ ਗੁਰੂ ਸਾਨੂੰ ਸਭਨੂੰ ਸੁਮੱਤ ਦੇਵੇ। ਅਸੀਂ ਜੋ ਸਹੀ ਸਿਖੀ ਹੈ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਸਹੀ ਦਿੱਤੀ ਸੇਧ ਹੈ, ਜੋ Human Brotherhood (ਮਨੁੱਖੀ ਭਾਈਚਾਰੇ) ਦੀ ਗੱਲ ਹੈ, ਜੋ ਸਰਬ-ਸਾਂਝੇ ਭਾਈਚਾਰੇ ਦੀ ਗੱਲ ਹੈ, ਇਨਸਾਨੀਅਤ ਦੀ ਗੱਲ ਹੈ। ਉਸਨੂੰ ਸਹੀ ਸਿੱਖੀ ਦੀ ਲਾਈਨ ਅਪਣਾ ਕੇ, ਸਿੱਖੀ ਦੇ ਝੰਡੇ ਬੁਲੰਦ ਹੋਣ। ਸਿੱਖੀ ਦਾ ਸਨਮਾਨ ਹੋਵੇ, ਸਿੱਖੀ ਦਾ ਸਤਿਕਾਰ ਹੋਵੇ, ਐਸਾ ਲੋਚਦੇ ਹਾਂ। ਜੋ ਲੋਕ ਸਿੱਖੀ ਨੂੰ ਗਲਤ ਸਮਝ ਬੈਠੇ ਹਨ, ਅਰਦਾਸ ਕਰਦੇ ਹਾਂ ਕਿ ਗੁਰੂ ਉਨ੍ਹਾਂ ਨੂੰ ਸੁਮੱਤ ਬਖਸ਼ੇ ਤਾਂਕਿ ਸਹੀ ਸਿੱਖੀ ਉਤੇ ਪਹਿਰਾ ਦੇ ਸਕਣ।

(ਬਾਕੀ ਅਗਲੇ ਅੰਕ ਵਿਚ)

ਘੁਰ [illegible] ਸਲਾਭੀ ਰੇਤ ਦੇ
ਐਵੇਂ ਘੋਗੇ ਸਿੱਪੀਆਂ ਚੁਗਦਾ ਰਿਹਾਂ
ਐਵੇਂ ਕੌਡਾਂ ਨਾਲ ਹੀ ਪੁਗਦਾ ਰਿਹਾਂ।

Greetings To Indo- Canadian Community

ਬਦੇਸ਼ਾਂ 'ਚ ਵਸਦੇ ਗਰਮਦਲੀ ਸਿੱਖ ਵੀ ਅਤਿਵਾਦੀ ਨਾਲੋਂ ਟੁੱਟ ਰਹੇ ਹਨ — ਗੁਜਰਾਲ

ਨਿਊਯਾਰਕ — ਪੰਜਾਬ ਸਮੱਸਿਆ ਦੇ ਹੱਲ ਲਈ ਸਥਾਪਤ ਗਰੁੱਪ ਦੇ ਕਨਵੀਨਰ ਸਾਬਕ ਕੇਂਦਰੀ ਮੰਤਰੀ ਆਈ ਕੇ ਗੁਜਰਾਲ ਨੇ ਆਪਣੇ ਬਦੇਸ਼ਾਂ ਦੇ ਦੌਰੇ ਸਮੇਂ ਕਿਹਾ ਹੈ ਕਿ ਬਦੇਸ਼ਾਂ ਵਿਚ ਵਸਦੇ ਗਰਮ ਖਿਆਲੀਏ ਸਿੱਖਾਂ ਵਿਚ ਅੱਜ ਕਲ ਨਵੀਂ ਸੋਚ ਪੈਦਾ ਹੋਈ ਹੈ ਅਤੇ ਪੰਜਾਬ ਮਸਲਿਆਂ ਦੇ ਹਲ ਲਈ ਉਹਨਾਂ ਦੇ ਮਨ ਵਿਚ ਵੀ ਸਵਾਲ ਉਠੇ ਹਨ। ਭਾਰਤ ਤੋਂ ਬਾਹਰ ਬੈਠੇ ਉਹ ਸਿੱਖ ਜਿਹੜੇ ਹਥਿਆਰਾਂ ਅਤੇ ਸਾੜ ਫੂਕ ਦੇ ਕਤਲਾਂ ਨੂੰ ਸਮੱਸਿਆ ਦੇ ਹਲ ਦਾ ਇਹ ਰਾਹ ਸਮਝਦੇ ਸਨ ਉਹ ਹੁਣ ਆਪੇ ਆਪਣੇ ਆਪ ਤੋਂ ਸਵਾਲ ਪੁਛਦੇ ਹਨ ਕਿ ਇਥੋਂ ਹੁਣ ਕਿੱਧਰ ਨੂੰ ਜਾਣਾ ਹੈ। ਇਸ ਲਗਾਤਾਰ ਜਾਰੀ ਰੱਖੀ ਜਾ ਰਹੀ ਹਿੰਸਾ ਦਾ ਫਲ ਕਿਸ ਨੂੰ ਭੁਗਤਣਾ ਪੈ ਰਿਹਾ ਹੈ ਤੇ ਇਸ ਤੋਂ ਅੱਗੋਂ ਕੀ ਹੋਵੇਗਾ। ਗੁਜਰਾਲ ਜੋ ਪਿਛਲੇ ਸਾਲ ਬਰਤਾਨੀਆਂ ਦਾ ਦੌਰਾ ਕਰ ਕੇ ਗਏ ਸਨ ਹੁਣ ਅਮਰੀਕਾ ਦਾ ਦੌਰਾ ਕਰ ਰਹੇ ਹਨ। ਇਥੇ ਅਨੇਕਾਂ ਸਿੱਖ ਮੁਖੀਆਂ ਵੱਖ ਵੱਖ ਸੰਸਥਾਵਾਂ ਦੇ ਲੀਡਰਾਂ ਨੂੰ ਮਿਲੇ ਹਨ। ਕੋਲੰਬੀਆ ਯੂਨੀਵਰਸਿਟੀ ਦੀ ਦੱਖਣੀ ਏਸ਼ੀਆਈ ਸੰਸਥਾ ਵਿਚ "ਪੰਜਾਬ ਮਸਲਾ ਕਾਰਨ ਅਤੇ ਉਪਾਅ" ਦੇ ਵਿਸ਼ੇ ਉਤੇ ਹੋਈ ਇਕ ਵਿਚਾਰ ਗੋਸ਼ਟੀ ਵਿਚ ਗੁਜਰਾਲ ਨੇ ਸਪੱਸ਼ਟ ਕਿਹਾ ਕਿ ਬਦੇਸ਼ਾਂ ਵਿਚ ਬੈਠੇ ਗਰਮ ਖਿਆਲੀ ਸਿੱਖ ਸਭਾ ਸੁਸਾਇਟੀਆਂ ਤੇ ਗੁਰਦੁਆਰਿਆਂ ਅੰਦਰ ਜੋ ਕੁਝ ਕਹਿੰਦੇ ਹਨ ਜਾਂ ਜੋ ਬਿਆਨ ਦੇਂਦੇ ਹਨ ਉਹਨਾਂ ਤੋਂ ਭਾਰਤ ਅਤੇ ਪੰਜਾਬ ਦੇ ਸਿੱਖਾਂ ਨੂੰ ਬਹੁਤ ਨੁਕਸਾਨ ਹੁੰਦਾ ਹੈ।

ਸਿੱਖਾਂ ਦਾ ਤੀਹਰਾ ਦੁਖਾਂਤ

ਉਹਨਾਂ ਕਿਹਾ ਕਿ ਸਰਕਾਰ ਵਲੋਂ ਮਸਲੇ ਦੇ ਹਲ ਲਈ ਕੀਤੀ ਕੋਈ ਵੀ ਪਹਿਲ ਕਦਮੀ ਦੇ ਚੰਗੇ ਨਤੀਜੇ ਨਿਕਲਣਗੇ। ਉਹਨਾਂ ਕਿਹਾ ਕਿ ਨਰਮ ਖਿਆਲੀਏ ਸਿੱਖਾਂ ਨਾਲ ਸਰਕਾਰ ਨੂੰ ਤੁਰੰਤ ਗੱਲ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਸਿੱਖ ਭਾਈਚਾਰਾ ਇਸ ਸਮੇਂ ਤੀਹਰੇ ਦੁਖਾਂਤ ਦਾ ਸ਼ਿਕਾਰ ਹੋ ਰਿਹਾ ਹੈ। ਪਹਿਲਾ ਇਹ ਕਿ ਨਰਮ ਤੇ ਸਹੀ ਸੋਚ ਵਾਲੇ ਅਕਾਲੀ ਲੀਡਰਸ਼ਿਪ ਪੂਰੀ ਤਰ੍ਹਾਂ ਵੰਡੀ ਪਈ ਹੈ। ਕੋਈ ਅਜਿਹਾ ਨੇਤਾ ਨਹੀਂ ਦਿਸਦਾ ਜੋ ਫੈਸਲੇ ਲੈ ਸਕੇ ਅਤੇ ਮੌਜੂਦਾ ਵਹਾਓ ਦੇ ਉਲਟ ਤਾਰੀ ਲਾ ਕੇ ਭੰਵਰ ਵਿਚ ਫਸੇ ਭਾਈਚਾਰੇ ਨੂੰ ਕੰਢੇ ਉਤੇ ਲੈ ਜਾਹੇ। ਇਸ ਦੁਖਾਂਤ ਦਾ ਦੂਜਾ ਪੱਖ ਸਰਕਾਰ ਅੰਦਰ ਦੂਰ ਅੰਦੇਸ਼ੀ ਦੀ ਕਮੀ ਹੈ। ਸਰਕਾਰ ਕੇਵਲ ਇਹ ਸੋਚਦੀ ਹੈ ਕਿ ਉਹ ਅਤਿਵਾਦੀਆਂ ਤੇ ਦਹਿਸ਼ਤਪਸੰਦਾਂ ਨੂੰ ਬਾਕੀ ਦੇ ਸਿੱਖ ਭਾਈਚਾਰੇ ਨਾਲੋਂ ਵੱਖ ਕਰ ਦੇਵੇਗੀ। ਤੀਸਰਾ ਦੁਖਾਂਤ ਇਹ ਹੈ ਕਿ ਸਿੱਖ ਭਾਈਚਾਰੇ ਦੇ ਕੁਝ ਲੋਕ ਫਿਰਕੂ ਲੀਹਾਂ ਉਤੇ ਸੋਚਦੇ ਹਨ ਜਿਸਦਾ ਨਤੀਜਾ ਸਾਰੇ ਭਾਈਚਾਰੇ ਨੂੰ ਭੁਗਤਣਾ ਪੈ ਰਿਹਾ ਹੈ।

ਗੁਜਰਾਲ ਨੇ ਸਿੱਖ ਬੁਧੀਜੀਵੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਹਾਕਮ ਪਾਰਟੀ ਦੇ ਜਿਹੜੇ ਨੇਤਾਵਾਂ ਨੂੰ ਪਸੰਦ ਨਹੀਂ ਕਰਦੇ ਉਹਨਾਂ ਨੂੰ ਬਾਕੀ ਰਾਸ਼ਟਰ ਨਾਲੋਂ ਨਿਖੇੜ ਦੇਣ

Telephones: (604) 662-8811
Cables: CONGENDIA, Vancouver
Telex: 04-508415

CONSUL GENERAL OF INDIA
325 HOWE STREET
VANCOUVER, B.C., CANADA V6C 1Z7



On the happy occasion of New Year I would like to convey my greetings and best wishes to all the Members of the Indo-Canadian community. May the coming year bring more prosperity and happiness to all your readers.

it is a good occasion to ponder over our performance during the previous year. India faced many difficulties in 1987. It is indeed most gratifying that India did not have to import foodgrains in spite of the worst drought of the century in 1987. Some of the elders in the community would remeber that three million people had died in the Bengal famine a few years before independence. There were numerous achievements in the fields of Science and Technology. There were many successes in the field of External Affairs also. Indo-Sri Lanka Agreement has been welcomed by most of the countires in the world. India continued her efforts to arouse world opinion afainst the apartheid regime in South Africa. Our country played an important role in the recently concluded Commonwealth Heads of Government Meeting in Vancouver. The meeting between Prime Minister Rajiv Gandhi and Prime Minister Brian Mulroney gave a further boost to the Indo-Canadian relations. We can look forward to further strengthening of these ties in the coming year. The Indo-Canadian community would no doubt have an important role in achieving this objective. I would, therefore, appeal to all Indo-Canadians to make every possible effort towards this end.

Once again I wish your readers a Merry Christmas and a Happy New Year.

[J. C. Sharma]
Consul General



The Manitoba Mirror

ਮੈਨੀਟੋਬਾ ਦਰਪਣ

ਸੁਦੇਸ਼ ਕਾਲੀਆ ਵੱਲੋਂ ਦਿੱਤੀ ਪਾਰਟੀ ਦੇ ਦ੍ਰਿਸ਼



ਵੀਵਾ ਮੈਕਸੀਕਨ ਹੋਟਲ ਵਿਚ ਸ੍ਰੀ ਸੁਦੇਸ਼ ਕਾਲੀਆ ਤੇ ਰਮਾ ਕਾਲੀਆ ਨਾਰਥ ਅਮੈਰੇਕਨ ਲਾਈਫ਼ ਦੇ ਮੈਨੇਜਰ ਸ੍ਰੀ ਫਰੀਮੈਨ, ਰਾਜਿੰਦਰ ਗੋਇਲ, ਓਮ ਪਾਲ, ਨਾਲ



ਪਾਰਟੀ ਵਿਚ ਸ਼ਾਮਲ, ਰਾਜਿੰਦਰ ਗੋਇਲ, ਓਮ ਪਾਲ, ਨਰੇਸ਼ ਕਾਲੀਆ, ਸੁਦੇਸ਼ ਕਾਲੀਆ, ਤੇ ਏਸ਼ੀਅਨ ਸਪਾਈਸਜ਼ ਦੇ ਮਾਲਕ ਮਿ. ਦੁੱਗਲ

ਖਾਲਿਸਤਾਨੀਆਂ ਵੱਖ-ਵਾਦੀਆਂ ਦੀਆਂ ਜੜ੍ਹਾਂ ਯੂ. ਕੇ. ਤੇ ਕੈਨੇਡਾ 'ਚ ਹਨ — ਦਰਬਾਰਾ ਸਿੰਘ



ਮੁਜ਼ਫਰਨਗਰ — ਪੰਜਾਬ ਦੇ ਸਾਬਕਾ ਮੁਖ ਮੰਤਰੀ ਸ੍ਰੀ ਦਰਬਾਰਾ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿਚ ਜਦ ਤੱਕ ਦਹਿਸ਼ਤਵਾਦ ਖਤਮ ਨਹੀਂ ਹੁੰਦਾ ਉਥੇ ਚੋਣਾਂ ਕਰਾਉਣ ਦਾ ਕੋਈ ਤੁਕ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਵਿਚ ਸੁਧਾਰ ਹੋਇਆ ਹੈ। ਉਹਨਾਂ ਕਿਹਾ ਕਿ ਖਾਲਿਸਤਾਨ ਅੰਦੋਲਨ ਦੀਆਂ ਜੜ੍ਹਾਂ ਪੰਜਾਬ ਵਿਚ ਨਹੀਂ ਸਗੋਂ ਕੈਨੇਡਾ, ਬਰਤਾਨੀਆਂ ਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਵਸੇ ਉਹਨਾਂ ਫਿਰਕਾਪ੍ਰਸਤਾਂ ਸਿੱਖਾਂ ਦੇ ਕੋਲ ਹਨ ਜੋ ਵਿਦੇਸ਼ੀ ਨਾਗਰਿਕ ਬਣ ਕੇ ਭਾਰਤ ਦੀ ਧਰਤੀ ਛੱਡ ਚੁਕੇ ਹਨ ਅਤੇ ਇਥੋਂ ਦੀ ਰਾਜਨੀਤੀ ਵਿਚ ਦਿਲਚਸਪੀ ਲੈ ਰਹੇ ਹਨ।

ਦਰਬਾਰਾ ਸਿੰਘ ਨੇ ਕਿਹਾ ਕਿ ਬਰਨਾਲਾ ਸਰਕਾਰ ਦੀ ਬਰਤਰਫੀ ਅਤਿਵਾਦੀਆਂ ਨੂੰ ਹਮਾਇਤ ਦੇਣ ਵਾਲੇ ਮੰਤਰੀਆਂ ਦੀਆਂ ਕਰਤੂਤਾਂ ਦਾ ਨਤੀਜਾ ਹੈ। ਉਹਨਾਂ ਇਹ ਗੱਲ ਮੰਨੀ ਕਿ ਪੰਜਾਬ ਵਿਚ 1985 ਦੀਆਂ ਚੋਣਾਂ ਵਿਚ ਅਕਾਲੀਆਂ ਨੂੰ ਜਿਤਾਉਣ ਲਈ ਇੰਕਾ ਨੇ ਅਸਿੱਧੇ ਰੂਪ ਵਿਚ ਸਹਿਯੋਗ ਦਿੱਤਾ ਸੀ। ਇਹ ਪੁਛਣ ਤੇ ਕਿ ਜੇ ਕਲ ਨੂੰ ਪੰਜਾਬ ਵਿਚ ਲੋਕ ਪ੍ਰਿਯ ਸਰਕਾਰ ਬਣਦੀ ਹੈ ਤਾਂ ਤੁਸੀਂ ਖੁਦ ਮੰਤਰੀ ਬਨਣਾਂ ਪਸੰਦ ਕਰੋਗੇ ਤਾਂ ਦਰਬਾਰਾ ਸਿੰਘ ਨੇ ਕਿਹਾ ਕਿ ਇੰਕਾ ਹਾਈ ਕਮਾਨ ਦਾ ਜੋ ਹੁਕਮ ਹੋਵੇਗਾ ਉਹ ਉਸਤੇ ਫੁਲ ਚੜ੍ਹਾਉਣਗੇ।

ਲੋੜ ਪਈ ਤਾਂ ਭਾਰਤ ਪ੍ਰਮਾਣੂ ਬੰਬ ਬਣਾਏਗਾ

ਗਵਾਂਢੀ ਦੇਸ਼ ਨੂੰ ਅਸੀਂ ਇਸ ਰਾਹ ਤੋਂ ਰੋਕਾਂਗੇ — ਰਾਜੀਵ

ਨਵੀਂ ਦਿੱਲੀ — ਮਾਸਕੋ ਰੇਡੀਓ ਅਤੇ ਵਾਸ਼ਿੰਗਟਨ ਦੀਆਂ ਇਹਨਾਂ ਰਿਪੋਰਟਾਂ ਕਿ ਪਾਕਿਸਤਾਨ ਨੇ ਪ੍ਰਮਾਣੂ ਬੰਬ ਬਣਾ ਲਿਆ ਹੈ ਤੇ ਹੁਣ ਉਹ ਕਦੇ ਵੀ ਇਸਦਾ ਤਜਰਬਾ ਕਰ ਸਕਦਾ ਹੈ, ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਲੋੜ ਪੈਣ ਉਤੇ ਭਾਰਤ ਵੀ ਪ੍ਰਮਾਣੂ ਬੰਬ ਬਣਾਏਗਾ। ਹਵਾਈ ਅੱਡੇ ਉਤੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਭਾਰਤ ਦਾ ਗਵਾਂਢੀ ਹੈ ਤੇ ਅਸੀਂ ਨਹੀਂ ਚਾਹੁੰਦੇ ਕਿ ਉਹ ਪ੍ਰਮਾਣੂ ਬੰਬ ਬਣਾਏ ਅਸੀਂ ਉਸਨੂੰ ਅਜਿਹਾ ਕਰਨ ਤੋਂ ਰੋਕਾਂਗੇ। ਜੇਕਰ ਫਿਰ ਵੀ ਇਸ ਨੇ ਆਪਣਾ ਪ੍ਰਮਾਣੂ ਬੰਬ ਦਾ ਪਰੋਗਰਾਮ ਜਾਰੀ ਰੱਖਿਆ ਤਾਂ ਭਾਰਤ ਵੀ ਪ੍ਰਮਾਣੂ ਬੰਬ ਬਣਾਏ ਜਾਣ ਤੋਂ ਝਿਜਕੇਗਾ ਨਹੀਂ ਭਾਵੇਂ ਕਿ ਇਸ ਨਾਲ ਭਾਰਤ ਉਤੇ ਬੋਝ ਵਧੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਬਾਕਾਇਦਾ ਪੜਤਾਲ ਕਰ ਰਹੇ ਹਾਂ ਕਿ ਕੀ ਪਾਕਿਸਤਾਨ ਜੰਮੂ ਕਸ਼ਮੀਰ ਸਰਹੱਦ ਦੇ ਨਾਲ ਨਾਲ ਅਮਰੀਕੀ ਸਹਾਇਤਾ ਅਤੇ ਜੰਤਰਾਂ ਨਾਲ ਦਸ ਕਿਲੋ ਮੀਟਰ ਲੰਬੀ ਡੀਫੈਂਸ ਚੈਨਲ ਬਣਾ ਰਿਹਾ ਹੈ।

ਮਾਸਕੋ ਰੇਡੀਓ ਤੇ ਵਾਸ਼ਿੰਗਟਨ

ਮਾਸਕੋ ਰੇਡੀਓ ਨੇ ਪ੍ਰਮਾਣੂ ਏਜੰਸੀ ਦੇ ਹਵਾਲੇ ਨਾਲ ਖਬਰ ਪ੍ਰਸਾਰਤ ਕੀਤੀ ਹੈ ਕਿ ਪਾਕਿਸਤਾਨ ਨੇ ਪ੍ਰਮਾਣੂ ਹਥਿਆਰ ਤਿਆਰ ਕਰ ਲਿਆ ਹੈ ਤੇ ਹੁਣ ਕਿਸੇ ਵੀ ਸਮੇਂ ਇਸ ਦਾ ਤਜਰਬਾ ਕਰ ਸਕਦਾ ਹੈ। ਅਮਰੀਕਾ ਦੀਆਂ ਖੁਫੀਆਂ ਏਜੰਸੀਆਂ ਦਾ ਵੀ ਕਹਿਣਾ ਹੈ ਕਿ ਪਾਕਿਸਤਾਨ ਨੇ ਪ੍ਰਮਾਣੂ ਬੰਬ ਤਿਆਰ ਕਰ ਲਿਆ ਹੈ। ਸੀ ਆਈ ਏ ਦੇ ਸੂਤਰਾਂ ਅਨੁਸਾਰ ਪਾਕਿਸਤਾਨ ਨੇ ਪਿਛਲੇ ਮਹੀਨੇ ਵਿਚ ਪ੍ਰਮਾਣੂ ਬੰਬ ਚਲਾਉਣ ਸੰਬੰਧੀ ਪਹਿਲਾ ਟੈਸਟ ਮੁਕੰਮਲ ਕਰ ਲਿਆ ਸੀ। ਦੂਸਰੀ ਇਤਲਾਹ ਵੀ ਹੈ ਕਿ ਪਾਕਿਸਤਾਨ ਨੇ ਬੰਬ ਦੇ ਟੈਸਟ ਦਾ ਦੂਜਾ ਪੜਾਅ ਵੀ ਤੈਅ ਕਰ ਲਿਆ ਹੈ ਇਹ ਵੀ ਕਿਹਾ ਜਾਂਦਾ ਹੈ ਕਿ ਹੁਣ ਪਾਕਿਸਤਾਨ ਪਾਸ ਯਕੀਨਨ ਪ੍ਰਮਾਣੂ ਬੰਬ ਹੈ ਪਰ ਪਾਕਿਸਤਾਨ ਦੇ ਵਾਸ਼ਿੰਗਟਨ ਵਿਚਲੇ ਦੂਤਾਵਾਸ ਨੇ ਇਹਨਾਂ ਖਬਰਾਂ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਅਮਰੀਕਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪ੍ਰਮਾਣੂ ਬੰਬ ਬਣਾ ਕੇ ਪਾਕਿਸਤਾਨ ਦੁਨੀਆਂ ਦਾ 9ਵਾਂ ਦੇਸ਼ ਹੋਵੇਗਾ ਜਿਸ ਪਾਸ ਇਹ ਬੰਬ ਹੈ। ਇਸ ਤਰ੍ਹਾਂ ਪ੍ਰਮਾਣੂ ਹਥਿਆਰਾਂ ਬਾਰੇ ਕਾਂਗਰਸ ਦੇ ਨਿਯਮਾਂ ਤੇ ਕਾਨੂੰਨ ਵਿਚ ਤਬਦੀਲੀ ਕਰਨੀ ਪੈ ਸਕਦੀ ਹੈ।

ਸ੍ਰੀਲੰਕਾ ਨਾਲ ਸਥਾਈ-ਸੰਧੀ ਸੰਭਵ

ਨਵੀਂ ਦਿੱਲੀ — ਸਰਕਾਰੀ ਸੂਤਰਾਂ ਦੀ ਖਬਰ ਹੈ ਕਿ ਸ੍ਰੀਲੰਕਾ ਵਿਚ ਤਾਮਲ ਟਾਈਗਰਜ਼ (ਲਿਟੇ) ਦੀ ਹਾਈਕਮਾਨ ਵਿਚ ਛੇਤੀ ਬਦਲੀ ਹੋਣ ਦੀ ਆਸ ਹੈ। ਭਾਰਤੀ ਸ਼ਾਂਤੀ ਸੈਨਾ ਦੇ ਸਫਲ ਛਾਪਿਆਂ ਅਤੇ ਬਾਗੀਆਂ ਵਲੋਂ ਇੰਨੀ ਵੱਡੀ ਫੋਰਸ ਦੇ ਖਿਲਾਫ ਨਸ਼ਟ ਆਪਣੀ ਸ਼ਕਤੀ ਦੇ ਖਾਹਮਖਾਹ ਨਸ਼ਟ ਹੋਣ ਕਾਰਨ ਬਾਗੀਆਂ ਅੰਦਰ ਫੁਟ ਪੈ ਗਈ ਹੈ। ਪੁਰਾਣੀ ਲੀਡਰਸ਼ਿਪ ਨੂੰ ਰੱਦ ਕਰਕੇ ਜਾਫਨਾ ਅਤੇ ਦੂਸਰੇ ਪੂਰਬੀ ਰਾਜਾਂ ਦੇ ਉਹ ਤਾਮਲ ਬਾਗੀ ਨਵੀਂ ਹਾਈ ਕਮਾਨ ਕਾਇਮ ਕਰਨਗੇ ਜਿਹੜੇ ਸ਼ਾਂਤੀ ਸੈਨਾ ਨਾਲ ਸਲਾਹ ਦੀ ਗੱਲਬਾਤ ਕਰਨ ਅਤੇ ਸ੍ਰੀਲੰਕਾ ਨਾਲ ਹੋਏ ਭਾਰਤ ਸਮਝੌਤੇ ਨੂੰ ਪੂਰਾ ਕਰਨਾ ਚਾਹੁੰਦੇ ਹਨ। ਇਹ ਵੀ ਖਬਰ ਹੈ ਕਿ ਪ੍ਰਧਾਨ ਸ੍ਰੀ ਜੈਵਰਧਨੇ ਨੇ ਨਵੀਂ ਦਿੱਲੀ ਨੂੰ ਕੁਝ ਤਜਵੀਜ਼ਾਂ ਭੇਜੀਆਂ ਹਨ ਜਿਹਨਾਂ ਵਿਚ ਇਹ ਤਜਵੀਜ਼ ਵੀ ਹੈ ਕਿ ਭਾਰਤ ਸ੍ਰੀਲੰਕਾ ਨਾਲ ਭਾਰਤ-ਰੂਸ ਸੰਧੀ ਵਰਗੀ ਪੱਕੀ ਤੇ ਸਥਾਈ ਸੰਧੀ ਕਰ ਲਏ।

The Manitoba Mirror

ਮੈਨੀਟੋਬਾ ਦਰਪਣ

ਸੰਸਾਰ ਦੇ ਸਭ ਤੋਂ ਛੋਟੇ ਕੈਮਰੇ ਦੇ ਨਿਰਮਾਤਾ

ਸੱਚੇ ਪਿਆਰ ਦੀ ਯਾਦਗਾਰ



ਚਿਰੰਜੀਵ ਕੌਰ ਸਿੱਧੂ ਤੇ ਜੋਗਿੰਦਰ ਸਿੰਘ ਸਿੱਧੂ

(ਇਹ ਦਿਲਚਸਪ ਮੁਲਾਕਾਤ 'ਨੂਤਨ ਕਹਾਣੀਆਂ' ਵਿਚ ਫਰਵਰੀ 1983 ਵਿਚ ਛਪੀ ਸੀ । ਇਹ ਮੈਗਜ਼ੀਨ ਅਲਾਹਾਬਾਦ, ਯੂ. ਪੀ. ਤੋਂ ਛਪਦਾ ਹੈ। ਜੋਗਿੰਦਰ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਚਰੰਜੀਵ ਉਸ ਸਮੇਂ ਚੰਡੀਗੜ੍ਹ ਵਿਚ ਰਹਿੰਦੇ ਸਨ ਅਤੇ ਹੁਣ ਲਾਸਏਂਜਲਸ (ਅਮਰੀਕਾ) ਵਿਚ ਹਨ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਜੋਗਿੰਦਰ ਤੇ ਚਰੰਜੀਵ ਸੰਸਾਰ ਦੇ ਸਭ ਤੋਂ ਛੋਟੇ ਕੈਮਰੇ ਦੇ ਨਿਰਮਾਣ ਵਿਚ ਲੱਗੇ ਹੋਏ ਸਨ। ਹੁਣ ਗਿਨੀਜ਼ ਬੁਕ ਆਫ ਰੀਕਾਰਡਜ਼ ਵਿਚ ਜੋਗਿੰਦਰ ਤੇ ਚਰੰਜੀਵ ਦੁਨੀਆਂ ਦੇ ਇਸ ਸਭ ਤੋਂ ਛੋਟੇ ਕੈਮਰੇ 'ਸੰਤੋਖ' ਦੇ ਨਿਰਮਾਤਾ ਵਜੋਂ ਜਾਣੇ ਜਾਂਦੇ ਹਨ — ਸੰਪਾਦਕ)

1982 ਦੀਆਂ ਸਰਦੀਆਂ ਦੀ ਸ਼ੁਰੂਆਤ ਸੀ । ਹਲਕੀ ਹਲਕੀ ਗੁਲਾਬੀ ਠੰਡ ਪੈ ਰਹੀ ਸੀ । ਬਰਫੀਲੇ ਪਹਾੜਾਂ ਦੀ ਛੂਹ ਨਾਲ ਪੂਰਾ ਚੰਡੀਗੜ੍ਹ ਖੂਬਸੂਰਤ ਹੋ ਉਠਿਆ ਸੀ। ਇਨ੍ਹੀਂ ਦਿਨੀਂ ਸੈਕਟਰ 15-ਸੀ ਦੇ ਇਕ ਖੂਬਸੂਰਤ ਫਲੈਟ ਦੇ ਪਿਛੇ ਬਣੀ ਬਾਲਕੋਨੀ ਵਿਚ, ਖੱਬੇ ਬਣੇ ਇਕ ਕਮਰੇ ਵਿਚੋਂ 19-20 ਸਾਲ ਦੀ ਇਕ ਪਿਆਰੀ ਜਹੀ ਕੁੜੀ ਦੱਬੇ ਪੈਰੀਂ ਦਾਖਲ ਹੋਈ । ਉਸਦੇ ਹੱਥ ਵਿਚ ਇਕ ਚਾਹ ਦੀ ਪਿਆਲੀ ਸੀ । ਬਿੱਲੀ ਦੀ ਤਰ੍ਹਾਂ ਆਪਣੇ ਜਿਸਮ ਨੂੰ ਸਕੋੜ ਕੇ ਉਸਦੇ ਕਮਰੇ ਵਿਚ ਦਾਖਲ ਹੋਣ ਦੇ ਢੰਗ ਤੋਂ ਲਗਦਾ ਸੀ ਕਿ ਜਿਵੇਂ ਉਹ ਉਥੇ ਆਪਣੇ ਪਹੁੰਚਣ ਦੀ ਆਹਟ ਤੱਕ ਨਹੀਂ ਸੀ ਦੇਣਾ ਚਾਹੁੰਦੀ ।

ਪਰ ਇਸ ਤਰ੍ਹਾਂ ਨਹੀਂ ਹੋ ਸਕਿਆ ।

ਉਸਦੇ ਅੰਦਰ ਵੜਦੇ ਹੀ ਉਸਦੇ ਹੱਥਾਂ ਦੀਆਂ ਵੰਗਾਂ ਖਿੜਖਿੜਾ ਕੇ ਹੱਸ ਪਈਆਂ । ਅੰਦਰ ਦਰਵਾਜ਼ੇ ਦੇ ਸੱਜੇ ਪਾਸੇ ਇਕ ਛੋਟੀ ਜਹੀ ਮੇਜ਼ ਉਤੇ ਕੰਮ ਕਰ ਰਹੇ ਚੌਵੀ ਸਾਲ ਦੇ ਨੌਜਵਾਨ ਨੇ ਉਸ ਵੱਲ ਸਿਰ ਚੁੱਕ ਕੇ ਵੇਖਿਆ ਤੇ ਮੁਸਕਰਾਣ ਦੀ ਕੋਸ਼ਿਸ਼ ਕੀਤੀ । ਚਿਰ ਤੋਂ ਕੰਮ ਵਿਚ ਰੁਝੇ ਰਹਿਣ ਕਾਰਨ ਉਸਦੇ ਚਿਹਰੇ ਉਤੇ ਥਕਾਵਟ ਉਤਰ ਆਈ ਸੀ ਅਤੇ ਵਾਲ ਮੱਥੇ ਉਤੇ ਝੂਲ ਰਹੇ ਸਨ । ਕੁਰਸੀ ਦਾ ਆਸਰਾ ਲੈਂਦੇ ਹੋਏ ਉਸਨੇ ਆਪਣੇ ਹੱਥਾਂ ਵਿਚ ਲਿਆ ਵਨੀਅਰ ਕੈਲੀਪਰੱਸ ਇਕ ਪਾਸੇ ਰੱਖ ਦਿੱਤਾ ਅਤੇ ਕਿਹਾ, "ਚਰੰਜੀਵ, ਆਪਾਂ ਤੋਂ ਫਿਰ ਇਕ ਗ਼ਲਤੀ ਹੋ ਗਈ ।"

"ਕਿਉਂ ? ਹੁਣ ਕੀ ਹੋਇਆ ?" ਚਰੰਜੀਵ ਨੇ ਨੇੜੇ ਆ ਕੇ ਉਸਤੋਂ ਪੁਛਿਆ ।

"ਸ਼ਟਰ ਪਲੇਟ ਵੱਡੀ ਹੋ ਗਈ ਹੈ, ਫਿਰ ਬਨਾਉਣੀ ਪਵੇਗੀ ।"

"ਓਹ ਨੋ ! ਪੂਰੇ ਤਿੰਨ ਦਿਨ ਲੱਗੇ ਨੇ ਇਸ ਨੂੰ ਬਨਾਉਣ ਨੂੰ । ਹੁਣ ਫਿਰ ਬਨਾਉਣੀ ਪਵੇਗੀ । ਸੱਚੀਂ, ਤੁਹਾਨੂੰ ਮੇਰੇ 'ਤੇ ਤਰਸ ਨਹੀਂ ਆਉਂਦਾ। ਚਰੰਜੀਵ ਨੇ ਉਸ ਵੱਲ ਮੁਸਕਰਾ ਕੇ ਦੇਖਿਆ ।

"ਚਰੰਜੀਵ, ਤੂੰ ਨਹੀਂ ਜਾਣਦੀ । ਆਪਣਾ ਪ੍ਰਾਜੇਕਟ ਬਹੁਤ ਸੰਵੇਦਨਸ਼ੀਲ ਹੈ । ਇਕ ਵਾਲ ਜਿਨਾਂ ਫ਼ਰਕ ਵੀ ਪੂਰੀ ਮਸ਼ੀਨਰੀ ਨੂੰ ਗਲਤ ਕਰ ਦਿੰਦਾ ਹੈ ।"

"ਠੀਕ ਹੈ । ਠੀਕ ਹੈ !! ਆਈ ਐਮ ਐਟ ਯੂਅਰ ਡਿਸਪੋਜ਼ਲ । ਸੌ ਵਾਰ ਕਹੋਗੇ ਤਾਂ ਸੌ ਵਾਰ ਬਣਾਵਾਂਗੀ । ਆਪਾਂ ਆਪਣੀ ਮੰਜ਼ਲ ਪਾਉਣੀ ਹੀ ਹੈ । ਤੇ ਨਾਲੇ, ਮੇਰੀਆਂ ਤਾਂ ਸਾਰੀਆਂ ਖੁਸ਼ੀਆਂ ਹੁਣ ਤੁਹਾਡੇ ਨਾਲ ਹੀ ਹਨ । ਮੈਂ ਤਾਂ ਉਸ ਦਿਨ ਦੀ ਉਡੀਕ ਕਰ ਰਹੀ ਹਾਂ, ਜਿਸ ਦਿਨ ਸਾਰੀ ਦੁਨੀਆਂ ਵਿਚ ਤੁਹਾਡਾ ਨਾਂ ਹੋਵੇਗਾ ...."

"ਕਿਉਂ ਤੇਰਾ ਨਹੀਂ ?"

"ਹਾਂ, ਕਿਉਂ ਨਹੀਂ । ਸਭ ਕਹਿਣਗੇ ਕਿ ਇਸ ਖੋਜ ਦੇ ਨਿਰਮਾਣ ਵਿਚ ਜੋਗਿੰਦਰ ਸਿੱਧੂ ਦੀ ਸਹਾਇਕਾ ਸੀ ਚਰੰਜੀਵ ਕੌਰ, ਜੋ ਉਸਨੂੰ ਚਾਹ, ਕਾਫੀ ਤੇ ਆਮਲੇਟ ਬਣਾ ਕੇ ਦਿੰਦੀ ਸੀ, ਕਿਉਂ ?"

"ਓਹ ਨੋ, ਅਜਿਹਾ ਕਿਉਂ ਕਹੇਗਾ ? ਇਹ ਤਾਂ ਸਾਡਾ ਆਪਣਾ ਪ੍ਰਾਜੈਕਟ ਹੈ । ਤੇ ਹਾਂ ਤੇਰੇ ਬਿਨਾਂ ਤਾਂ ਮੈਂ ਇਕ ਕਦਮ ਚਲਣ ਦੀ ਵੀ ਕਲਪਣਾ ਨਹੀਂ ਕਰ ਸਕਦਾ ।"

"ਸੱਚ !" ਚਰੰਜੀਵ ਨੇ ਆਪਣੀਆਂ ਅੱਖਾਂ ਉਸਦੀਆਂ ਅੱਖਾਂ 'ਚ ਪਾਉਂਦੇ ਕਿਹਾ ।

"ਸੱਚ !" ਜੋਗਿੰਦਰ ਨੇ ਆਪਣੇ ਹੱਥ ਵਧਾ ਕੇ ਉਸ ਦੇ ਗੋਰੇ ਗੋਰੇ ਹੱਥ ਆਪਣੇ ਹੱਥਾਂ ਵਿਚ ਲੈ ਲਏ ।

ਦੋਵੇਂ ਮੁਸਕਰਾ ਪਏ ।

ਜੋਗਿੰਦਰ ਤੇ ਚਰੰਜੀਵ ਚੰਡੀਗੜ੍ਹ ਦੇ ਗੁਰੂ ਗੋਬਿੰਦ ਸਿੰਘ ਕਾਲਜ ਦੇ ਵਿਦਿਆਰਥੀ ਸਨ । ਜੋਗਿੰਦਰ ਦੇ ਪਿਤਾ ਸਰਦਾਰ ਸੰਤੋਖ ਸਿੰਘ ਸਕਾਟਲੈਂਡ ਦੀ ਇਕ ਬਹੁਤ ਵੱਡੀ ਕੰਪਨੀ ਵਿਚ ਇੰਜਨੀਅਰ ਦੇ ਅਹੁਦੇ ਉਤੇ ਸਨ । ਉਨ੍ਹਾਂ ਦਾ ਆਪਣੇ ਖੇਤਰ ਦੇ ਲੋਕਾਂ ਵਿਚ ਬੜਾ ਮਾਣ, ਸਨਮਾਨ ਸੀ । ਬਚਪਨ ਤੋਂ ਹੀ ਸੰਤੋਖ ਸਿੰਘ ਨੂੰ ਆਪਣੇ ਦੇਸ਼ ਤੇ ਆਪਣੀ ਧਰਤੀ ਨਾਲ ਬਹੁਤ ਪਿਆਰ ਸੀ । ਉਹ ਆਪਣੇ ਦੇਸ਼ ਲਈ ਅਜਿਹਾ ਕੁਝ ਕਰਨਾ ਚਾਹੁੰਦੇ ਸਨ, ਜਿਸ ਨਾਲ ਦੁਨੀਆਂ ਵਿਚ ਦੇਸ਼ ਦਾ ਨਾਂ ਉਚਾ ਹੋਵੇ ਉਨ੍ਹਾਂ ਦੀ ਸਮਾਜ ਨੂੰ ਕੁਝ ਅਜਿਹਾ ਦੇਣ ਦੀ ਇਛਾ ਸੀ ਅਤੇ ਉਹ ਆਪਣੇ ਪੁੱਤਰ ਤੋਂ ਵੀ ਅਜਿਹਾ ਹੀ ਚਾਹੁੰਦੇ ਸਨ । ਉਹ ਹਮੇਸ਼ਾ ਜੋਗਿੰਦਰ ਨੂੰ ਇਹ ਕਹਿੰਦੇ ਸਨ, "ਬੇਟੇ, ਕੁਝ ਅਜਿਹਾ ਕਰ ਜਿਸ ਨਾਲ ਤੇਰਾ ਨਾਂ ਜਿਉਂਦਾ ਰਹੇ । ਲੋਕ ਜੰਮਦੇ ਹਨ, ਮਰ ਜਾਂਦੇ ਹਨ ਅਤੇ ਦੁਨੀਆਂ ਉਨ੍ਹਾਂ ਨੂੰ ਭੁੱਲ ਜਾਂਦੀ ਹੈ । ਪਰ ਕੁਝ ਅਜਿਹੇ ਵੀ ਲੋਕ ਹੁੰਦੇ ਹਨ, ਜਿਨ੍ਹਾਂ ਦਾ ਨਾਂ ਦੁਨੀਆਂ ਮੌਤ ਤੋਂ ਪਿਛੋਂ ਵੀ ਯਾਦ ਕਰਦੀ ਹੈ । ਮੈਂ ਤੇਰਾ ਨਾਂ ਦੁਨੀਆਂ ਦੀ ਜ਼ਬਾਨ ਉਤੇ ਦੇਖਣਾ ਚਾਹੁੰਦਾ ਹਾਂ ।'

ਸੰਤੋਖ ਸਿੰਘ ਦੀਆਂ ਇਨ੍ਹਾਂ ਗੱਲਾਂ ਦੀ ਆਵਾਜ਼ ਜੋਗਿੰਦਰ ਦੇ ਦਿਲ ਤੇ ਦਿਮਾਗ਼ ਵਿਚ ਇਕ ਝਣਕਾਰ ਪੈਦਾ ਕਰ ਦਿੰਦੀ । ਇਨ੍ਹਾਂ ਨੂੰ ਸੁਣਕੇ ਉਸ ਦੇ ਅੰਦਰ ਕੁਝ ਕਰ ਗੁਜ਼ਰਨ ਦੀ ਬਿਹਬਲਤਾ ਤੜਪ ਉਠਦੀ । ਉਸਦੇ ਪਿਤਾ ਜਦ ਇੰਜਨੀਅਰਿੰਗ ਦੀਆਂ ਵੱਡੀਆਂ ਵੱਡੀਆਂ ਕਿਤਾਬਾਂ

——→

ਪਾਠਕਾਂ ਪ੍ਰਤੀ ਸੂਚਨਾ

1 ਜਨਵਰੀ, 1988 ਤੋਂ ਨਿਊਜ਼ਪ੍ਰਿੰਟ ਦੀਆਂ ਕੀਮਤਾਂ ਵਿਚ ਵਾਧਾ ਹੋਣ ਕਾਰਨ, ਸਾਨੂੰ ਮਜਬੂਰੀ ਅਧੀਨ ਅਖਬਾਰ ਦੀ ਕੀਮਤ ਵਿਚ ਵਾਧਾ ਕਰਨਾ ਪੈ ਰਿਹਾ ਹੈ । ਜੁਲਾਈ, 1987 ਵਿਚ ਡਾਕ ਮਹਿਕਮੇ ਦੇ ਸੈਕਿੰਡ ਕਲਾਸ ਡਾਕ ਦੇ ਦਰਾਂ ਵਿਚ ਵਾਧਾ ਕਰਨ ਦੇ ਬਾਵਜੂਦ ਅਸੀਂ ਪਰਚੇ ਦੀਆਂ ਕੀਮਤ ਨਹੀਂ ਵਧਾਈ ਸੀ ਪਰ ਹੁਣ ਖਰਚਾ ਵਧ ਜਾਣ ਕਾਰਨ ਇਸ ਤੋਂ ਬਿਨਾਂ ਚਾਰਾ ਨਹੀਂ ਹੈ ।

1 ਜਨਵਰੀ 1988 ਤੋਂ 'ਕੈਨੇਡਾ ਦਰਪਣ' ਦੀ ਇਕ ਕਾਪੀ ਦੀ ਕੀਮਤ ਗਰੇਟਰ ਵੈਨਕੂਵਰ ਦੇ ਇਲਾਕੇ ਵਿਚ 60¢ ਅਤੇ ਗਰੇਟਰ ਵੈਨਕੂਵਰ ਤੋਂ ਬਾਹਰ 75¢ ਹੋਵੇਗੀ ।

ਸੈਕਿੰਡ ਕਲਾਸ ਰਾਹੀਂ ਸਾਲਾਨਾ ਚੰਦਾ 30 ਡਾਲਰ (ਕੈਨੇਡਾ ਲਈ) ਅਤੇ 35 ਡਾਲਰ (ਅਮਰੀਕਾ ਲਈ) ਹੋਵੇਗਾ ।

ਆਸ ਹੈ 'ਕੈਨੇਡਾ ਦਰਪਣ' ਦੇ ਸੁਹਿਰਦ ਪਾਠਕ ਸਾਡੀ ਮਜਬੂਰੀ ਨੂੰ ਸਮਝ ਸਕਣਗੇ ।

—ਸਰਕੂਲੇਸ਼ਨ ਵਿਭਾਗ

ਯੂ. ਕੇ. ਦੇ ਸਿੱਖਾਂ 'ਚ ਦਹਿਸ਼ਤਗਰਦੀ ਹਰ ਹਾਲਤ 'ਚ ਰੋਕੀ ਜਾਏਗੀ — ਜੈਫਰੀ

ਲੰਡਨ — ਬ੍ਰਤਾਨੀਆਂ ਵਿਚ ਸਿਖ ਭਾਈਚਾਰੇ ਨੂੰ ਬਦਨਾਮ ਕਰਨ ਵਾਲੇ ਕੁਝ ਅਤਿਵਾਦੀ ਗਰੁੱਪਾਂ ਦੀਆਂ ਸਰਗਰਮੀਆਂ ਦਾ ਬਰਤਾਨੀਆਂ ਸਰਕਾਰ ਨੇ ਸਖਤ ਨੋਟਿਸ ਲੈਂਦਿਆਂ ਐਲਾਨ ਕੀਤਾ ਹੈ ਕਿ ਯੂ ਕੇ ਵਿਚ ਇਹਨਾਂ ਦੀਆਂ ਦਹਿਸ਼ਤਗਰਦੀ ਦੀਆਂ ਸਰਗਰਮੀਆਂ ਨੂੰ ਸਰਕਾਰ ਹਰ ਹਾਲਤ ਵਿਚ ਖਤਮ ਕਰਕੇ ਰਹੇਗੀ। ਵਿਦੇਸ਼ ਮੰਤਰੀ ਸਰ ਜੈਫਰੀ ਹਾਓ ਨੇ ਸਰਕਾਰ ਦੇ ਨਵੇਂ ਪ੍ਰੋਗਰਾਮ ਬਾਰੇ ਦੱਸਦਿਆਂ ਕਿਹਾ ਕਿ ਜਿਹੜੇ ਲੋਕ ਬਰਤਾਨੀਆਂ ਵਿਚ ਬੈਠ ਕੇ ਅਤਿਵਾਦੀ ਸਰਗਰਮੀਆਂ ਚਲਾਉਣਾ ਚਾਹੁੰਦੇ ਹਨ — ਉਹਨਾਂ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਖਾਲਿਸਤਾਨੀ ਵੱਖਵਾਦੀ ਭਾਰਤ ਤੋਂ ਵਖਰੇ ਖਾਲਿਸਤਾਨ ਦੀ ਕਾਇਮੀ ਦੀ ਮੰਗ ਕਰ ਰਹੇ ਹਨ, ਇਸ ਦੇ ਜਵਾਬ ਵਿਚ ਸਰ ਜੈਫਰੀ ਨੇ ਕਿਹਾ ਕਿ ਬਰਤਾਨੀਆਂ ਸਰਕਾਰ ਅਖੰਡ ਭਾਰਤ ਦੀ ਹਾਮੀ ਹੈ ਅਤੇ ਨਹੀਂ ਚਾਹੁੰਦੀ ਕਿ ਕੋਈ ਤਾਕਤ ਹਿੰਸਕ ਵਾਰਦਾਤਾਂ ਰਾਹੀਂ ਭਾਰਤ ਨੂੰ ਵੰਡਣ ਦਾ ਯਤਨ ਕਰੇ। ਇਸ ਤੋਂ ਪਹਿਲਾਂ ਬ੍ਰਿਟਿਸ਼ ਇੰਡੀਅਨ ਫਰੈਂਡਸ਼ਿਪ ਸੁਸਾਇਟੀ ਦੀ ਮੀਟਿੰਗ ਵਿਚ ਉਹਨਾਂ ਕਿਹਾ ਕਿ ਭਾਰਤ ਅਤੇ ਬਰਤਾਨੀਆਂ ਨੇ ਮਿਲ ਕੇ ਜਿਸ ਮਸਲੇ ਨੂੰ ਹੱਲ ਕੀਤਾ ਹੈ ਉਹ ਦਹਿਸ਼ਤਗਰਦੀ ਦਾ ਮਸਲਾ ਹੈ। ਬਰਤਾਨੀਆਂ ਸਰਕਾਰ ਅਤੇ ਬਰਤਾਨਵੀ ਲੋਕ ਇਸ ਦਹਿਸ਼ਤਗਰਦੀ ਦੀ ਨਿਖੇਧੀ ਕਰਦੇ ਹਨ। ਚਾਹੇ ਇਹ ਦਹਿਸ਼ਤਗਰਦੀ ਪੰਜਾਬ ਵਿਚ ਹੋਵੇ ਭਾਵੇਂ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿਚ ਹੋਵੇ। ਬਰਤਾਨੀਆਂ ਭਾਰਤ ਦੀ ਇਲਾਕਾਈ ਅਖੰਡਤਾ ਅਤੇ ਏਕਤਾ ਦਾ ਹਾਮੀ ਹੈ। ਇਸ ਸੰਬੰਧ ਵਿਚ ਬਰਤਾਨੀਆਂ ਦੀ ਮੌਜੂਦਾ ਸਰਕਾਰ ਨੇ ਕੇਵਲ ਗੱਲਾਂ ਨਹੀਂ ਕੀਤੀਆਂ ਕੰਮ ਕੀਤਾ ਹੈ। ਸਮਝਿਆ ਜਾਂਦਾ ਹੈ ਕਿ ਸਰ ਜੈਫਰੀ ਭਾਰਤ ਸਰਕਾਰ ਦੇ ਇਤਰਾਜ਼ਾਂ ਦਾ ਜਵਾਬ ਵੀ ਦੇ ਰਹੇ ਸਨ। ਇਸ ਸੰਬੰਧ ਵਿਚ ਉਹਨਾਂ ਪਿਛਲੇ ਦੋ ਤਿੰਨ ਸਾਲਾਂ ਵਿਚ ਦਹਿਸ਼ਤਗਰਦਾਂ ਵਲੋਂ ਨਰਮ ਦਲੀ ਜਾਂ ਖਾਲਿਸਤਾਨ ਦੇ ਵਿਰੋਧੀਆਂ ਉਤੇ ਜਿਸ ਕਿਸਮ ਦਾ ਹਿੰਸਾ ਕੀਤੀ ਹੈ ਉਸ ਸੰਬੰਧ ਵਿਚ ਬਰਤਾਨਵੀ ਅਦਾਲਤਾਂ ਨੇ ਅੱਠ ਦਹਿਸ਼ਤਗਰਦਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਹਨ। ਇਹ ਸੱਤ ਉਮਰ ਕੈਦਾਂ ਕੁਲ ਮਿਲਾ ਕੇ 51 ਸਾਲਾਂ ਦੀਆਂ ਕੈਦਾਂ ਬਣਦੀਆਂ ਹਨ। ਉਹਨਾਂ ਕਿਹਾ ਕਿ ਹਰ ਖਤਰਨਾਕ ਹਮਲੇ ਦੇ ਮੁਜਰਮਾਂ ਨੂੰ ਕੈਦ ਦੀਆਂ ਸਜ਼ਾਵਾਂ ਹੋਈਆਂ ਹਨ। ਉਹਨਾਂ ਸਪਸ਼ਟ ਕੀਤਾ ਕਿ ਬਰਤਾਨੀਆਂ ਸਰਕਾਰ ਅਜਿਹੀ ਦਹਿਸ਼ਤਗਰਦੀ ਤੇ ਹਿੰਸਾ ਨੂੰ ਹਰ ਹਾਲਤ ਵਿਚ ਖਤਮ ਕਰਨਾ ਚਾਹੁੰਦੀ ਹੈ ਤਾਂ ਜੋ ਨਰਮ ਖਿਆਲ ਸਿਖ ਭਾਈਚਾਰਾ ਤੇ ਦੂਸਰੇ ਭਾਰਤੀ ਜੋ ਅਮਨ ਸ਼ਾਂਤੀ ਨਾਲ ਬਰਤਾਨੀਆਂ ਵਿਚ ਰਹਿਣਾ ਚਾਹੁੰਦੇ ਹਨ ਅਤੇ ਜੋ ਹਿੰਸਾ ਨੂੰ ਨਫਰਤ ਕਰਦੇ ਹਨ ਉਹ ਆਜ਼ਾਦੀ ਅਤੇ ਅਮਨ ਅਮਾਨ ਨਾਲ ਰਹਿ ਸਕਣ ਅਤੇ ਬੇਖਤਰ ਹੋ ਕੇ ਆਪਣੇ ਕਾਰੋਬਾਰ ਚਲਾ ਸਕਣ।

ਗੋਰਖਾ ਫਰੰਟ ਵਿਚ ਮੱਤਭੇਦ ਉਭਰੇ

ਦਾਰਜੀਲਿੰਗ — ਯੂਨਿਟ ਕਮੇਟੀ ਦੇ ਪ੍ਰਧਾਨ ਰਾਮ ਪ੍ਰਸਾਦ ਵਾਇਬਾ ਵਲੋਂ ਦਾਰਜੀਲਿੰਗ ਜ਼ਿਲਾ ਕਮੇਟੀ ਦੀ ਜਾਣਕਾਰੀ ਤੋਂ ਬਿਨਾਂ ਮਿਰਿਕ ਇਲਾਕੇ ਵਿਚ 'ਬੰਦ' ਦਾ ਸੱਦਾ ਦਿੱਤਾ ਗਿਆ ਹੈ। ਇਸ ਨਾਲ ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ 'ਚ ਮੱਤਭੇਦ ਉਭਰ ਕੇ ਸਾਹਮਣੇ ਆ ਗਏ ਹਨ। ਬੰਦ ਦਾ ਸੱਦਾ ਮਿਰਿਕ ਯੂਨਿਟ ਦੇ ਸਕੱਤਰ ਅਜੀਤ ਭਾਰਤੀ ਜੋ ਕਿ 27 ਅਗਸਤ ਤੋਂ ਗੁੰਮ ਹੈ ਦਾ ਪਤਾ ਲਗਾਉਣ ਦੀ ਮੰਗ ਦੇ ਹੱਕ ਵਿਚ ਦਿਤਾ ਗਿਆ ਹੈ।

ਉਮਰਾਨੰਗਲ ਵਲੋਂ ਬਾਦਲ, ਬਰਨਾਲਾ ਨੂੰ ਅਪੀਲ

ਜਲੰਧਰ — ਅਕਾਲੀ ਦਲ (ਲੌਂ) ਦੇ ਮੀਤ ਪ੍ਰਧਾਨ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਦਲ ਦੇ ਪ੍ਰਧਾਨ ਸੁਰਜੀਤ ਸਿੰਘ ਬਰਨਾਲਾ ਅਤੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲੀ ਧੜਿਆਂ ਵਿਚ ਏਕਤਾ ਕਾਰਣ ਕਰਾਣ ਲਈ ਮਿਲ ਕੇ ਯਤਨ ਕਰਨ ਦੀ ਅਪੀਲ ਕੀਤੀ ਹੈ।

ਪੰਜਾਬ ਦੇ ਮਸਲੇ ਦੇ ਹੱਲ ਲਈ ਲੇਖਕ ਚੰਡੀਗੜ੍ਹ 'ਚ ਧਰਨਾ ਦੇਣਗੇ

ਜਲੰਧਰ — ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਇਕਤਰਤਾ ਵਿਚ 400 ਮੈਂਬਰ ਸ਼ਾਮਲ ਹੋਏ ਉਹਨਾਂ ਮਤਾ ਪਾਸ ਕਰਕੇ ਪੰਜਾਬ ਮਸਲੇ ਦੇ ਹਲ ਲਈ 22 ਦਸੰਬਰ ਨੂੰ ਚੰਡੀਗੜ੍ਹ ਵਿਚ ਧਰਨਾ ਦੇਣ ਦਾ ਫੈਸਲਾ ਕੀਤਾ। ਪ੍ਰਧਾਨਗੀ ਪਿ: ਸੁਜਾਨ ਸਿੰਘ ਨੇ ਕੀਤੀ। ਜਨਰਲ ਇਕੱਤਰਤਾ ਨੇ ਸਰਬ ਸੰਮਤੀ ਨਾਲ ਪੰਜਾਬ ਸਮੱਸਿਆ ਦੇ ਵੱਖ ਵੱਖ ਪੱਖਾਂ ਤੇ ਇਕ ਵਿਸਤ੍ਰਿਤ ਮਤਾ ਪਾਸ ਕਰਦਿਆਂ ਪੰਜਾਬ ਸਮੱਸਿਆ ਬਾਰੇ ਕੇਂਦਰ ਦੇ ਵਤੀਰੇ ਦੀ ਨਿਖੇਧੀ ਕਰਦਿਆਂ ਇਸ ਦੇ ਤੁਰੰਤ ਰਾਜਨੀਤਕ ਹੱਲ ਲੱਭਣ ਦੀ ਮੰਗ ਕੀਤੀ।

ਹੋਰ ਮਤਿਆਂ ਰਾਹੀਂ ਜਨਰਲ ਇਕੱਤਰਤਾ ਨੇ ਰੇਡੀਓ, ਟੈਲੀਵੀਜ਼ਨ ਉਤੇ ਪੰਜਾਬੀ ਦੇ ਪਰੋਗਰਾਮਾਂ ਵਿਚ ਵਾਧਾ ਕਰਨ, ਪੰਜਾਬੀ ਨੂੰ ਯੂਨੀਵਰਸਿਟੀ ਪੱਧਰ ਤੇ ਲਾਜ਼ਮੀ ਵਿਸ਼ਾ ਬਣਾਉਣ ਲੇਖਕਾਂ ਦੀਆਂ ਪੈਨਸ਼ਨਾਂ ਵਿਚ ਚੋਖਾ ਵਾਧਾ ਕਰਨ ਦੀ ਮੰਗ ਕੀਤੀ।

ਜਨਰਲ ਇਕਤਰਤਾ ਨੇ ਸ੍ਰੀ ਤੇਰਾ ਸਿੰਘ ਚੰਨ ਸਾਬਕਾ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਨੇ 1985-87 ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।


ਮਿ. ਵੇਦ ਮਰਵਾਹਾ ਮੁੜ ਪੁਲਸ ਕਮਿਸ਼ਨਰ

ਨਵੀਂ ਦਿੱਲੀ — ਦਿੱਲੀ ਪੁਲਸ ਦੇ ਕਮਿਸ਼ਨਰ ਮਿ. ਵੇਦ ਮਰਵਾਹਾ ਜਿਹਨਾਂ ਨੂੰ ਦੋ ਹਫਤੇ ਪਹਿਲਾਂ ਛੁਟੀ ਤੇ ਭੇਜ ਦਿੱਤਾ ਗਿਆ ਸੀ ਨੂੰ ਦੁਬਾਰਾ ਡਿਊਟੀ ਉਤੇ ਭੇਜ ਦਿੱਤਾ ਗਿਆ ਹੈ ਯਾਦ ਰਹੇ ਉਹਨਾਂ ਨੇ ਰੂਸ ਦੇ ਪ੍ਰਧਾਨ ਮੰਤਰੀ ਮਿ. ਰਿਜ਼ਕੋਵ ਦੀ ਭਾਰਤ ਯਾਤਰਾ ਸਮੇਂ ਸਕਿਉਰਿਟੀ ਪ੍ਰਬੰਧਾਂ ਵਿਚ ਨੁਕਸ ਹੋਣ ਕਾਰਨ ਛੁਟੀ ਉਤੇ ਭੇਜਿਆ ਗਿਆ ਸੀ।

The Manitoba Mirror

ਮੈਨੀਟੋਬਾ ਦਰਪਣ

ਖੋਲ੍ਹ ਕੇ ਰੱਖਦੇ ਤੇ ਆਪਣੀ ਵਰਕਸ਼ਾਪ ਵਿਚ ਆਪਣੇ ਕੰਮ ਵਿਚ ਮਗਨ ਹੁੰਦੇ ਤਾਂ ਜੋਗਿੰਦਰ ਦੱਬੇ ਪੈਰੀਂ ਉਨ੍ਹਾਂ ਦੇ ਕੋਲ ਜਾ ਖੜ੍ਹਦਾ ਤੇ ਚੁੱਪਚਾਪ ਦੇਖਤਾ ਰਹਿੰਦਾ। ਕਈ ਵਾਰ ਉਹ ਬਹੁਤ ਸਾਰੇ ਸਵਾਲ ਆਪਣੇ ਪਿਤਾ ਨੂੰ ਕਰਦਾ 'ਇਹ ਕਿਵੇਂ ਹੁੰਦਾ ਹੈ। ਉਹ ਕਿਵੇਂ ਹੁੰਦਾ ਹੈ।' ਸੰਤੋਖ ਸਿਘ ਨੂੰ ਜੋਗਿੰਦਰ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸੁੱਖ ਦਾ ਅਹਿਸਾਸ ਹੁੰਦਾ। ਜੋਗਿੰਦਰ ਦੇ ਭੋਲੇ ਭਾਲੇ ਸਵਾਲਾਂ ਵਿਚ ਬਹੁਤ ਸਾਰੀਆਂ ਖੋਜਾਂ ਦੀ ਪਰਕਲਪਨਾ ਹੁੰਦੀ ਸੀ ਜੋ ਸੰਤੋਖ ਸਿਘ ਲਈ ਵੀ ਕਦੇ ਕਦੇ ਪ੍ਰੇਰਨਾ ਬਣ ਜਾਂਦੀ ਸੀ।



ਗਿਨੀਜ਼ ਬੁੱਕ ਆਫ ਰਿਕਾਰਡ ਵਿਚ,

ਅਜਿਹੇ ਹੀ ਇਕ ਸਵਾਲ ਦੇ ਇਰਦ ਗਿਰਦ ਪ੍ਰੇਰਨਾ ਬਣ ਕੇ ਉਭਰੀ ਸੀ ਇਹ ਖੋਜ ਜਿਸ ਨੇ ਸੰਤੋਖ ਸਿਘ ਜਿਹੇ ਕਿਸਮਤ ਵਾਲੇ ਪਿਤਾ ਦਾ ਮਸਤਕ ਉਚਾ ਕਰ ਦਿੱਤਾ। ਜੋ ਜੋਗਿੰਦਰ ਅਤੇ ਚਰੰਜੀਵ ਨੂੰ ਪ੍ਰਸਿਧੀ ਦੀਆਂ ਉਚਾਈਆਂ ਤੱਕ ਲੈ ਗਿਆ ਹੈ।

ਆਪਣੀ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਸੰਨ 1978 ਵਿਚ ਜੋਗਿੰਦਰ ਪ੍ਰੀ. ਮੈਡੀਕਲ ਤੋਂ ਪਿਛੋਂ ਬੀ. ਐਸ. ਸੀ. ਵਿਚ ਦਾਖਿਲ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਉਹਦੇ ਲਏ ਵਿਸ਼ਿਆਂ ਵਿਚ ਇਕ ਵਿਸ਼ਾ ਸੀ — ਬਨਸਪਤੀ ਵਿਗਿਆਨ। ਜੋਗਿੰਦਰ ਪੜ੍ਹਾਈ ਲਿਖਾਈ ਵਿਚ ਕਾਫੀ ਹੁਸ਼ਿਆਰ ਸੀ। ਕਾਲਜ ਵਿਚ ਸਾਰੇ ਪ੍ਰੋਫੈਸਰਾਂ ਦਾ ਪੂਰਾ ਸਹਿਯੋਗ ਅਤੇ ਸਨੇਹ ਉਸ ਦੇ ਨਾਲ ਸੀ। ਮੈਗਜ਼ੀਨਾਂ ਦਾ ਉਹ ਸੰਪਾਦਕ ਰਿਹਾ। ਕਾਲਿਜ ਵਿਚ ਚਾਰੇ ਪਾਸੇ ਉਸਦੀ ਚਰਚਾ ਹੁੰਦੀ। ਕਲਾਤਮਕ ਰੁਚੀਆਂ ਵਾਲਾ ਹੋਣ ਕਾਰਨ ਕਿੰਨੇ ਹੀ ਪ੍ਰਮਾਣ-ਪੱਤਰ ਤੇ ਪੁਰਸਕਾਰ ਉਸਦੇ ਹੱਥ ਹਰ ਸਾਲ ਆਉਂਦੇ। ਦੇਖਣ ਵਿਚ ਖੂਬਸੂਰਤ ਜੋਗਿੰਦਰ ਦੀ ਚਰਚਾ ਕੁੜੀਆਂ ਵਿਚ ਵੀ ਖੂਬ ਹੁੰਦੀ। ਸਾਰੀਆਂ ਉਹਦੇ ਨਾਲ ਗੱਲ ਕਰਨ ਲਈ ਉਸਦੇ ਅੱਗੇ ਪਿੱਛੇ ਫਿਰਦੀਆਂ। ਪਰ ਜੋਗਿੰਦਰ ਕੋਲ ਇੰਨੀ ਵਿਹਲ ਕਿੱਥੇ ਸੀ ਕਿ ਉਹ ਅਜਿਹੀਆਂ ਭਾਵਨਾਵਾਂ ਲਈ ਵਕਤ ਕੱਢ ਸਕਦਾ। ਉਸਦੇ ਮਨ ਵਿਚ ਉਸਦੇ ਪਿਤਾ ਦੀ ਇਕੋ ਗੱਲ ਵਸ ਚੁਕੀ ਸੀ 'ਉਸਨੇ ਕੁਝ ਖਾਸ ਕਰਨਾ ਹੈ, ਕੁਝ ਅਜਿਹਾ ਜੋ ਪੂਰੀ ਦੁਨੀਆਂ ਵਿਚ ਉਸਦੇ ਦੇਸ਼ ਤੇ ਦੇਸ਼ ਦਾ ਨਾਂ ਉਚਾ ਕਰ ਦੇਵੇ। ਉਸਦੇ ਪਿਤਾ ਨੂੰ ਖੁਸ਼ੀ ਦੇ ਸਕੇ।'

ਉਨ੍ਹੀਂ ਦਿਨੀਂ ਜਦ ਉਸਨੇ ਵਿਸ਼ਵ ਦੀਆਂ ਤਕਨੀਕੀ ਲੱਭਤਾਂ ਦੀ ਫ਼ਹਿਰਿਸਤ ਦੇਖੀ ਤਾਂ ਉਨ੍ਹਾਂ ਤਕਨੀਕੀ ਲੱਭਤਾਂ ਵਿਚ ਭਾਰਤ ਦਾ ਨਾਂ ਕਿਤੇ ਨਹੀਂ ਸੀ। ਇਸ ਨਾਲ ਉਸਦੇ ਮਨ ਨੂੰ ਧੱਕਾ ਲੱਗਾ ਅਤੇ ਉਹ ਇਨਾ ਭਾਵੁਕ ਹੋ ਗਿਆ ਕਿ ਉਸਦੀਆਂ ਅੱਖਾਂ ਵਿਚ ਹੰਝੂ ਆ ਗਏ। ਆਜ਼ਾਦੀ ਤੋਂ ਪਿਛੋਂ ਜਾਂ ਉਸ ਤੋਂ ਪਹਿਲਾਂ ਭਾਰਤ ਦੇ ਤਕਨੀਕੀ ਵਿਗਿਆਨੀਆਂ ਨੇ ਕੁਝ ਵੀ ਅਜਿਹਾ ਨਹੀਂ ਸੀ ਕੀਤਾ ਜੋ ਉਨ੍ਹਾਂ ਦੀ ਆਪਣੀ ਤੇ ਮੌਲਿਕ ਲੱਭਤ ਹੁੰਦੀ। 'ਗਿਨੀਜ਼ ਬੁਕ ਆਫ਼ ਰੀਕਾਰਡ' ਦੀ ਇਸ ਸੂਚਨਾ ਨੇ ਉਸ ਦੇ ਅੰਦਰ ਤੂਫ਼ਾਨ ਖੜ੍ਹਾ ਕਰ ਦਿੱਤਾ ਅਤੇ ਉਹ ਅਜਿਹੀ 'ਕਲਪਨਾ' ਦੀ ਤਲਾਸ਼ ਕਰਨ ਲੱਗਾ ਜਿਸਨੂੰ ਉਹ ਤਕਨਾਲੋਜੀ ਦੇ ਖੇਤਰ ਵਿਚ ਪੂਰਾ ਕਰ ਸਕਦਾ।

ਇਸ ਖੇਤਰ ਵਿਚ ਉਸ ਦੀ ਖੋਜ 'ਦੁਨੀਆਂ ਦਾ ਸਭ ਤੋਂ ਛੋਟਾ ਕੈਮਰਾ' ਦੁਨੀਆਂ ਦੀ ਰੀਕਾਰਡ ਬੁੱਕ ਵਿਚ ਅਜਿਹਾ ਕਾਰਨਾਮਾ ਹੈ ਜਿਸਨੇ ਸੰਸਾਰ ਵਿਚ ਭਾਰਤ ਦਾ ਨਾਂ ਉਚਾ ਕੀਤਾ ਹੈ।

ਬੰਗਲਾ ਦੇਸ਼ ਸਰਕਾਰ ਕਿਸੇ ਵੀ ਸਮੇਂ ਭੰਗ ਹੋ ਸਕਦੀ ਹੈ

ਢਾਕਾ — ਤਾਜ਼ਾ ਖਬਰਾਂ ਅਨੁਸਾਰ ਬੰਗਲਾ ਦੇਸ਼ ਵਿਚ ਅਰਸ਼ਾਦ ਵਲੋਂ ਪਾਰਲੀਮੈਂਟ ਨੂੰ ਤੋੜੇ ਜਾਣ ਬਾਅਦ ਹੁਣ ਸਰਕਾਰ ਦਾ ਕਿਸੇ ਵੀ ਸਮੇਂ ਭੰਗ ਪੈ ਸਕਦਾ ਹੈ ਕਿਉਂਕਿ ਕਲ ਤੱਕ ਆਪੋਜ਼ੀਸ਼ਨ ਲੀਡਰ ਅਰਸ਼ਾਦ ਦੇ ਅਸਤੀਫੇ ਤੋਂ ਘੱਟ ਕਿਸੇ ਗੱਲ ਉਤੇ ਸਹਿਮਤੀ ਪ੍ਰਗਟ ਕਰਨ ਲਈ ਤਿਆਰ ਨਹੀਂ ਸਨ। ਇਸ ਹਾਲਤ ਤੋਂ ਪਹਿਲਾਂ ਦੇਸ਼ ਦੀ ਸਭ ਤੋਂ ਵੱਡੀ ਆਪੋਜ਼ੀਸ਼ਨ ਪਾਰਟੀ ਦੇ 73 ਪਾਰਲੀਮੈਂਟ ਮੈਂਬਰਾਂ ਨੇ ਅਸਤੀਫੇ ਦੇ ਦਿੱਤੇ ਸਨ। ਪਾਰਲੀਮੈਂਟ ਤੋੜੇ ਜਾਣ ਤੋਂ ਬਾਅਦ ਅਰਸ਼ਾਦ ਆਪਣੀ ਜ਼ਾਤੀਆਂ ਪਾਰਟੀ ਦੇ ਮੈਂਬਰ ਵੀ ਪ੍ਰਧਾਨ ਨਾਲੋਂ ਟੁੱਟ ਰਹੇ ਸਨ। ਪ੍ਰਧਾਨ ਅਰਸ਼ਾਦ ਨੇ ਆਪੋਜ਼ੀਸ਼ਨ ਲੀਡਰਾਂ ਨੂੰ ਪੇਸ਼ਕਸ਼ ਕੀਤੀ ਸੀ ਕਿ ਉਹ ਨਵੀਆਂ ਚੋਣਾਂ ਕਰਾਣ ਲਈ ਤਿਆਰ ਹੈ ਪਰ ਅਪੋਜ਼ੀਸ਼ਨ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਹੈ ਤੇ ਉਸ ਤੋਂ ਅਸਤੀਫਾ ਮੰਗਿਆ ਹੈ। ਇਸ ਤੋਂ ਬਾਅਦ ਅਪੋਜ਼ੀਸ਼ਨ ਪਾਰਟੀਆਂ ਦੇ ਸੱਦੇ ਉਤੇ ਸੱਦੇ ਉਤੇ ਹੜਤਾਲਾਂ ਦਾ ਸਮਾਂ ਲਗਾਤਾਰ ਵੱਧ ਰਿਹਾ ਹੈ। ਜਿਸ ਕਾਰਨ ਸਰਕਾਰੀ ਕਾਰੋਬਾਰ ਤੋਂ ਇਲਾਵਾ ਸਮੁੱਚਾ ਜੀਵਨ ਠੱਪ ਹੋਇਆ ਪਿਆ ਹੈ। ਇਕ ਬਿਆਨ ਵਿਚ ਪ੍ਰਧਾਨ ਅਰਸ਼ਾਦ ਨੇ ਇਹ ਆਸ ਪ੍ਰਗਟ ਕੀਤੀ ਹੈ ਕਿ ਜੇਕਰ ਦੇਸ਼ ਵਾਸੀ ਚਾਹੁੰਦੇ ਹਨ ਤਾਂ ਉਹ ਅਸਤੀਫਾ ਦੇਣ ਲਈ ਤਿਆਰ ਹੈ। ਢਾਕੇ ਦੇ ਰਾਜਸੀ ਸੂਤਰਾਂ ਦੀਆਂ ਖਬਰਾਂ ਹਨ ਕਿ ਅਪੋਜ਼ੀਸ਼ਨ ਦਾ ਦਬਾਅ ਲਗਾਤਾਰ ਵੱਧ ਰਿਹਾ ਹੈ ਅਤੇ ਪ੍ਰਧਾਨ ਅਰਸ਼ਾਦ ਦਾ ਹੁਣ ਇਕ ਹਫਤਾ ਕਾਇਮ ਰਹਿਣਾ ਵੀ ਮੁਸ਼ਕਲ ਹੋ ਗਿਆ ਹੈ। ਅੱਜ ਕਲ ਪ੍ਰਧਾਨ ਅਰਸ਼ਾਦ ਵਜ਼ਾਰਤ ਵੀ ਤੋੜ ਦੇਵੇਗਾ ਤੇ ਅਪੋਜ਼ੀਸ਼ਨ ਨਾਲ ਗੱਲਬਾਤ ਲਈ ਨਵੀਂ ਸਲਾਹਕਾਰ ਕੌਂਸਲ ਕਾਇਮ ਕਰੇਗਾ।

3-4 ਸੌ ਅਤਿਵਾਦੀ ਬਾਕੀ ਰਹਿੰਦੇ ਹਨ — ਸੁਬਰਾਮਨੀਅਮ

ਲਖਨਊ — ਕੇਂਦਰੀ ਰੀਜ਼ਰਵ ਪੁਲਸ ਫੋਰਸ ਦੇ ਡਾਇਰੈਕਟਰ ਜਨਰਲ ਮਿ: ਸੀ ਸੁਭਰਾਮਨੀਅਮ ਨੇ ਯੂ ਪੀ ਦੇ ਕਸਬਾ ਨੀਮਚ ਵਿਚ ਪੱਤਰਕਾਰਾਂ ਨਾਲ ਗੱਲਬਾਤ ਸਮੇਂ ਇੰਕਸ਼ਾਫ ਕੀਤਾ ਕਿ ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਹੁਣ ਕੇਵਲ ਅੰਮ੍ਰਿਤਸਰ, ਫਿਰੋਜ਼ਪੁਰ ਤੇ ਗੁਰਦਾਸਪੁਰ ਜ਼ਿਲਿਆਂ ਤੱਕ ਸੀਮਤ ਰਹਿ ਗਈਆਂ ਹਨ। ਇਥੇ ਵੀ ਸੀ ਆਰ ਪੀ ਉਹਨਾਂ ਦਾ ਮਨੋਬਲ ਤੋੜ ਰਹੀ ਹੈ। ਰਾਸ਼ਟਰਪਤੀ ਰਾਜ ਲਾਗੂ ਹੋਣ ਬਾਅਦ ਹਾਲਤ ਵਿਚ ਚੋਖਾ ਸੁਧਾਰ ਹੋਇਆ ਹੈ। ਪਰ ਉਹਨਾਂ ਇਹ ਵੀ ਕਿਹਾ ਹੈ ਕਿ ਪਾਕਿਸਤਾਨ ਦੀ ਸਰਹੱਦ ਨਾਲ ਲੱਗਣ ਕਾਰਨ ਅਤਿਵਾਦੀਆਂ ਨੂੰ ਮੁਕੰਮਲ ਤੌਰ ਤੇ ਖਤਮ ਕਰਨਾ ਔਖਾ ਹੈ। ਫਿਰ ਵੀ ਸਾਡਾ ਭਰੋਸਾ ਹੈ ਕਿ ਅਸੀਂ ਅਮਨ ਅਮਾਨ ਦੀ ਹਾਲਤ ਨੂੰ ਬਿਹਤਰ ਬਨਾਣ ਵਿਚ ਸਫਲ ਹੋ ਜਾਵਾਂਗੇ। ਇਸ ਸਮੇਂ ਪੰਜਾਬ ਵਿਚ ਕੇਵਲ ਤਿੰਨ ਜਾਂ ਚਾਰ ਸੌ ਅਤਿਵਾਦੀ ਬਾਕੀ ਹਨ।

Merry Christmas

&

Happy New Year

To All

ਕਿਸੇ ਵੀ ਕਿਸਮ ਦੀ ਪ੍ਰਾਪਰਟੀ ਖ਼੍ਰੀਦਣੀ ਜਾਂ ਵੇਚਣੀ ਹੋਵੇ ਤਾਂ

ਦਲਜੀਤ ਸਿੰਘ ਤੂਰ ਨੂੰ ਫ਼ੋਨ ਕਰੋ

ਫੋਨ : ਦਫ਼ਤਰ : 590-1321 ਘਰ : 594-7629

If you are serious abour buying or selling any kind of property—I am serious about helping you

For Free Consulation Call any time



ਦਲਜੀਤ ਤੂਰ

Daljit (Dale) Toor

Off. 590-1321 Res. 594-7629

Canada's No. 1 Real Estate

ROYAL LEPAGE

ROYAL LEPAGE REAL ESTATE SERVICES LTD. • REALTOR

ਕ੍ਰਿਸਮਸ ਅਤੇ ਨਵੇਂ ਸਾਲ ਦੀ ਲੱਖ ਲੱਖ ਵਧਾਈ ਹੋਵੇ

From

ROYAL FURNITURE LTD.

2607 Main St., 10th Ave. At Main Corner

BOXING DAY SPECIAL SALE

ਇਸ ਸੇਲ ਵਿਚ ਆਪਣੂੰ ਸਟੋਰ ਵਿਚ ਪਈ ਹਰ ਆਈਟਮ 'ਤੇ **50% OFF**

ਮਿਸਾਲ ਵਜੋਂ SOFA SETS, BED ROOM SETS, DINNING ROOM SETS, MAT & BOX, COFFEE TABLES



SOFA & CHAIR **$1499.00** (LOVE SEAT AVAILABLE)

SOLID OAK & OAK VENEER TRADITIONAL DINING ROOM SUITE



YOU GET: •Hutch •Buffet •Table with leaf •2 Side Chairs •2 Arm chairs. **$1699**



PINE BEDROOM GROUP

COMPARE THE PRICE AT ROYAL FNR.



2 PC SOFA & CHAIR **$1099.00**

MATTRESS & BOX



TWIN 39"	$139
DOUBLE 54"	$179
QUEEN 60"	$249

UP TO 50% OFF



7 PC DINETTE **$439**

BOXING DAY SPECIAL SALE ਵਾਲੇ ਦਿਨ ਰੋਇਲ ਫਰਨੀਚਰ 'ਤੇ ਆਉਣਾ ਨਹੀਂ ਭੁੱਲਣਾ

LOWEST PRICES GUARANTEED

ROYAL FURNITURE LTD.

2607 MAIN STREET at 10th. AVE VANCOUVER, B.C.

VISA

TEL. 874-9525

MasterCard

MASTER CARD VISA ACCEPTED

Merry Christmas & Happy New Year to all From

Manget Brothers Super Market Ltd.

13474 - 104th Street Surrey, B.C.

PH. (604) 584-8821

ਆਟਾ
ATTA
$9.98
2X10 kg.

ਸਾਰੀਆਂ ਦਾਲਾਂ ਤੇ ਸੇਲ
Sale on all Dalls

ਮਾਂਹ
MANH
49¢ LB.

ਕਾਬਲੀ ਛੋਲੇ
KABLI CHANA
69¢ LB.

ਕਿਡਨੀ ਬੀਨਜ਼
KIDNEY BEANS
69¢ LB.

ਹਰੇ ਮਸਰ
GREEN MASSAR
49¢ LB.

ਮਾਂਹਾਂ ਦੀ ਦਾਲ
MANH DAL
69¢ LB.

ਮੂੰਗੀ ਬੀਨਜ਼
MOONGI BEANS
39¢ LB.

ਛੋਲਿਆਂ ਦੀ ਦਾਲ
CHANA DAL
39¢ LB.

ਮਸਰਾਂ ਦੀ ਦਾਲ
Massar Dal
79¢ LB.

ਮੂੰਗੀ ਦੀ ਦਾਲ
MOONGI DAL
49¢ LB.

ਨਵਾਬ ਚਾਹਪੱਤੀ
NABOB TEA
120 Pck.
$3.69

ਚਾਹ ਪੱਤੀ
TEA (Governor's choice)
120 Pck.
$1.99

ਦੁੱਧ
HOMO MILK
4 Liter
$2.99

ਭਾਰੀ ਥੱਲੇ ਵਾਲੇ ਪਤੀਲੇ ਸਪੈਸ਼ਲ ਸੇਲ ਤੇ ਹਨ
ਹਰੀਆਂ ਸਬਜ਼ੀਆਂ ਤੇ ਡੇਅਰੀ ਦਾ ਸਾਮਾਨ ਤਾਜ਼ਾ ਮਿਲਦਾ ਹੈ
ਸਟੋਰ ਦੇ ਪਿੱਛੇ ਕਾਰਾਂ ਲਈ ਕਾਫੀ ਪਾਰਕਿੰਗ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ

—ਪ੍ਰਿੰ: ਕੁਲਦੀਪ ਸਿੰਘ 'ਹਉਰਾ'

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸ਼ਖਸੀਅਤ ਲਾਸਾਨੀ ਬਹੁ-ਪੱਖੀ ਸੀ ਉਹ ਇਕ ਮਹਾਨ ਵਿਅਕਤੀ, ਰਾਜ-ਯੋਗੀ, ਕਮਾਲ ਦੇ ਨੀਤੀਵਾਨ, ਉਚ ਕੋਟੀ ਦੇ ਦੇਸ਼ ਭਗਤ, ਲਾਸਾਨੀ ਜਰਨੈਲ ਅਤੇ ਧਰਮ ਦੀ ਮੂਰਤੀ ਸਨ ਕਿਸੇ ਇਕ ਵਿਅਕਤੀ ਵਿਚ ਇਤਨੇ ਗੁਣ ਹੋਣੇ ਆਮ ਤੌਰ ਤੇ ਅਸੰਭਵ ਹੁੰਦੇ ਹਨ। ਵਾਸਤਵ ਵਿਚ ਉਹ ਹਰ ਪੱਖੋਂ ਮਹਾਨ ਸਨ।

ਗੁਰੂ ਸਾਹਿਬ ਨੇ ਕਦੇ ਆਪਣੇ ਆਪ ਨੂੰ ਅਵਤਾਰ ਜਾਂ ਪ੍ਰਮਾਤਮਾ ਦਾ ਦੂਤ ਨਹੀਂ ਕਿਹਾ, ਸਗੋਂ ਆਪਣੇ ਆਪ ਨੂੰ "ਮੈ ਹੋ ਪਰਮ ਪੁਰਖ ਕੋ ਦਾਸਾ" ਕਹਿਣ ਵਿਚ ਖੁਸ਼ੀ ਲੈਂਦੇ ਸਨ। ਉਸ ਦਾ ਕਥਨ ਹੈ,

"ਜੋ ਹਮ ਕੋ ਪਰਮੇਸਰ ਉਚਰਿਹੈ ॥
ਤੇ ਸਭ ਨਰਕਿ ਕੁੰਡ ਮਹਿ ਪਰਹਿ।" (ਪੰਨਾ 57)

ਹਰ ਵਿਅਕਤੀ ਦੀ ਸ਼ਖਸੀਅਤ ਦਾ ਕੋਈ ਅਨਿਖੜਵਾਂ ਪੱਖ ਹੁੰਦਾ ਹੈ ਜਿਸ ਦੇ ਆਧਾਰ ਤੇ ਉਸ ਦੀ ਵਡਿਆਈ ਮੰਨੀ ਜਾਂਦੀ ਹੈ ਕੋਈ ਸੂਰਬੀਰ ਹੁੰਦਾ ਹੈ, ਕੋਈ ਦਾਨੀ ਹੁੰਦਾ ਹੈ, ਕੋਈ ਭਗਤ ਹੁੰਦਾ ਹੈ, ਕੋਈ ਨੀਤੀਵਾਨ ਹੁੰਦਾ ਹੈ, ਕੋਈ ਜਰਨੈਲ ਹੁੰਦਾ ਹੈ, ਕੋਈ ਧਰਮੀ ਹੁੰਦਾ ਹੈ; ਪਰ ਗੁਰੂ ਗੋਬਿੰਦ ਸਾਹਿਬ ਜੀ ਦੇ ਜੀਵਨ ਤੇ ਝਾਤ ਮਾਰ ਕੇ ਵੇਖਦਿਆਂ ਪਤਾ ਲਗਦਾ ਹੈ ਕਿ ਕੇਵਲ 42 ਸਾਲ (1666-1708) ਦੀ ਉਮਰ ਵਿਚ, ਜਿਸ ਵਿਚੋਂ ਨੌਂ ਸਾਲ ਦਾ ਸਮਾਂ ਉਨ੍ਹਾਂ ਦੀ ਗੁਰੂ ਗੱਦੀ ਤੇ ਬੈਠਣ ਤੋਂ ਪਹਿਲਾਂ ਦਾ ਹੈ, ਭਾਵ 33 ਸਾਲ ਦੇ ਸਮੇਂ ਵਿਚ ਆਪ ਨੇ ਜੋ ਮਹਾਨ ਤੇ ਵਚਿੱਤਰ ਕਾਰਜ ਵਿਖਾਏ, ਉਹ ਮਾਹਰਕੇ ਵਾਲੇ ਤਾਂ ਹਨ ਹੀ, ਪਰ ਹੈਰਾਨ ਕਰਨ ਵਾਲੇ ਵੀ ਹਨ। ਸਤਿਗੁਰੂ ਦਾ ਖਾਲਸਾ ਸਾਜਣਾ, ਘਣੀ ਮਾਤਰਾ ਵਿਚ ਸਾਹਿਤ ਰਚਨਾ ਕਰਨਾ ਤੇ ਕਰਾਉਣਾ, ਸਾਮਰਾਜ ਵਿਰੁਧ ਨਿਰੰਤਰ ਸੰਘਰਸ਼ ਕਰਨਾ, ਕੁਰਬਾਨੀਆਂ ਦੀ ਝੜੀ ਲਗਾ ਦੇਣੀ ਆਦਿ ਅਜਿਹੇ ਕਾਰਨਾਮੇ ਹਨ ਕਿ ਪੜ੍ਹ ਸੁਣ, ਵਿਚਾਰ ਕੇ ਅਕਲ ਦੰਗ ਰਹਿ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਜਦੋਂ 1675 ਈ: ਵਿਚ ਗੁਰ-ਗੱਦੀ ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਸਾਹਮਣੇ ਅਨੇਕਾਂ ਔਕੜਾਂ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਸਿੱਖਾਂ ਵਿਚ ਨਿਰਾਸ਼ਾ ਤੇ ਗੁੱਸੇ ਦਾ ਮਿਲਿਆ ਜੁਲਿਆ ਪ੍ਰਭਾਵ ਸੀ। ਲੋੜ ਸੀ ਨਿਰਾਸ਼ਾ ਨੂੰ ਆਸ਼ਾ ਵਿਚ ਬਦਲਣ ਦੀ ਤੇ ਗੁੱਸੇ ਨੂੰ ਸਾਂਭ ਕੇ ਜੋਸ਼ ਵਿਚ ਬਦਲ ਕੇ ਉਸਾਰੂ ਪਾਸੇ ਲਾਉਣ ਦੀ।

ਉਸ ਸਮੇਂ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਬੜੀ ਪ੍ਰਬਲ ਬਣੀ ਹੋਈ ਸੀ, ਕਿਉਂਕਿ ਉਹ ਹਿੰਦੁਸਤਾਨ ਨੂੰ ਕਾਫ਼ਰਾਂ ਦਾ ਦੇਸ਼ ਸਮਝਦਾ ਸੀ ਤੇ ਇਸ ਦੇਸ਼ ਨੂੰ "ਦਾਰ-ਉਲ-ਹਰਬ" (ਕਾਫ਼ਰਾਂ ਦਾ ਦੇਸ਼) ਆਖ ਕੇ ਆਪਣੇ ਮਨ ਦੀ ਭੜਾਂਸ ਨੂੰ ਸ਼ਾਂਤ ਕਰਦਾ ਸੀ। ਉਸ ਦਾ ਮੰਤਵ "ਦਾਰ-ਉਲ-ਹਰਬ ਨੂੰ ਦਾਰ-ਉਲ-ਇਸਲਾਮ" ਭਾਵ ਇਸਲਾਮੀ ਦੇਸ਼ ਬਣਾਉਣਾ ਸੀ। ਇਸ ਮਕਸਦ ਦੀ ਪ੍ਰਾਪਤੀ ਲਈ ਉਹ ਹਿੰਦੂਆਂ ਤੇ ਸਖਤੀ ਕਰ ਰਿਹਾ ਸੀ ਤਾਂਕਿ ਉਹ ਤੰਗ ਆ ਕੇ ਸੁੰਨੀ ਮੁਸਲਮਾਨ ਬਣ ਜਾਣ। ਉਸ ਨੇ ਹਿੰਦੂਆਂ ਦੇ ਮੰਦਰ ਢੁਆ ਦਿਤੇ, ਜਜ਼ੀਆ ਲਗਾ ਦਿਤਾ ਤੇ ਹੋਰ ਕਈ ਸਖਤੀਆਂ ਕੀਤੀਆਂ। ਗੁਰੂ ਗੋਬਿੰਦ ਸਿੰਘ ਸਾਹਿਬ ਇਸ ਸਾਰੀ ਸਥਿਤੀ ਨੂੰ ਬੜੀ ਤੀਬਰਤਾ ਤੇ ਬਾਰੀਕੀ ਨਾਲ ਵਾਚ ਰਹੇ ਸਨ। ਸਤਾਏ ਹੋਏ ਤੇ ਮਿੱਧੇ ਹੋਏ ਲੋਕਾਂ ਅੰਦਰ ਸਵੈ-ਭਰੋਸਾ, ਉਤਸ਼ਾਹ ਤੇ ਦ੍ਰਿੜ੍ਹਤਾ ਪੈਦਾ ਕਰਨਾ ਹੀ ਉਨ੍ਹਾਂ ਦਾ ਮੁਖ ਮਨੋਰਥ ਸੀ। ਇਸ ਮਨੋਰਥ ਦੀ ਪੂਰਤੀ ਲਈ ਉਹ ਆਪਣੇ ਦਾਦਾ ਜੀ (ਗੁਰੂ ਹਰਗੋਬਿੰਦ ਸਾਹਿਬ) ਵਾਂਗ ਸਿੱਖਾਂ ਨੂੰ ਗੁਰੂ ਘਰ ਵਿਚ ਵਧੇਰੇ ਹਥਿਆਰ ਤੇ ਫੌਜੀ ਸਾਮਾਨ ਭੇਟਾ ਕਰਨ ਲਈ ਆਦੇਸ਼ ਭੇਜੇ।

ਇਕ ਹੋਰ ਔਕੜ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਪੇਸ਼ ਆਈ। ਉਹ ਇਹ ਸੀ ਕਿ ਪਹਾੜੀ ਹਿੰਦੂ ਰਾਜੇ ਦਿੱਲੀ ਦੇ ਹਾਕਮਾਂ ਦੇ ਹੁਕਮ ਦੀ ਪਾਲਣਾ ਕਰਨ ਵਿਚ ਗੌਰਵ ਸਮਝਦੇ ਸਨ। ਇਥੋਂ ਤੱਕ ਕਿ ਉਹ ਪ੍ਰਫੁਲਤ ਹੋ ਰਹੀ ਸਿਖ ਲਹਿਰ ਨੂੰ ਘਿਰਨਾ ਦੀ ਨਜ਼ਰ ਨਾਲ ਦੇਖਦੇ ਸਨ। ਪਹਾੜੀ ਰਾਜੇ ਹਿੰਦੂ ਜਨਤਾ ਦੀ ਅਗਵਾਈ ਕਰਨ ਦੀ ਬਜਾਏ ਮੁਗ਼ਲ ਹਕੂਮਤ ਦੀਆਂ ਜੁਤੀਆਂ ਚਟਣਾ ਵਧੇਰੇ ਪਸੰਦ ਕਰਦੇ ਸਨ। ਫਲਸਰੂਪ ਹਿੰਦੂ ਕੌਮ ਸਮੁੱਚੇ ਤੌਰ ਤੇ ਅਣਖ ਨੂੰ ਤਿਆਗ ਚੁਕੀ ਸੀ। ਜਾਤ ਪਾਤ ਨੇ ਕੌਮੀ ਏਕਤਾ ਉਤੇ ਹੋਰ ਕਰੜੀ ਸੱਟ ਮਾਰੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਪਹਾੜੀ ਰਾਜਿਆਂ ਨੂੰ ਸਮਝਾ ਕੇ ਉਨ੍ਹਾਂ ਅੰਦਰ ਸੁੱਤੀ ਅਣਖ ਜਗਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ "ਉਚ-ਜ਼ਾਤੀਏ" ਹੋਣ ਦੇ ਨਾਤੇ ਆਮ ਲੋਕਾਂ ਨਾਲ ਮਿਲਵਰਤਣ ਕਰਨ ਤੋਂ ਝਿਜਕੇ। ਫਲ ਸਰੂਪ ਗੁਰੂ ਸਾਹਿਬ ਦੇ ਅਨੁਆਈਆਂ ਦੀ ਬਹੁ-ਗਿਣਤੀ ਗਰੀਬਾਂ ਦੀ ਹੀ ਹੋਈ। ਕੁਝ ਉਚ ਜਾਤੀਏ ਸਿਖ ਬਣੇ ਜ਼ਰੂਰ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਸੀ। ਗੁਰੂ ਸਾਹਿਬ ਦੇ ਨਜ਼ਦੀਕੀ ਰਿਸ਼ਤੇਦਾਰ ਧੀਰ ਮੱਲ ਤੇ ਰਾਮ ਰਾਇ ਆਦਿ ਅਜੇ ਵੀ ਈਰਖਾ ਦੀ ਅੱਗ ਵਿਚ ਸੜਦੇ ਹੋਏ ਵਿਰੋਧ ਕਰ ਰਹੇ ਸਨ।

ਗੁਰੂ ਸਾਹਿਬ ਨੇ ਰਾਜਨੀਤਕ ਤੇ ਧਾਰਮਿਕ ਦੋਹਾਂ ਤਰ੍ਹਾਂ ਦੇ ਅਤਿਆਚਾਰਾਂ ਦਾ ਟਾਕਰਾ ਕਰਨ ਦਾ ਫੈਸਲਾ ਕਰ ਲਿਆ। ਦੁਸ਼ਟਾਂ ਦਾ ਦਮਨ ਕਰਨਾ ਤੇ ਸੰਤਾਂ ਨੂੰ ਉਭਾਰਨਾ ਜਾਂ 'ਸੰਤਾਂ ਮਾਨੋ, ਦੂਤਾਂ ਡਾਨੋ' ਦੀ ਨੀਤੀ ਦਸਮੇਸ਼ ਜੀ ਦਾ ਉਦੇਸ਼ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਆਮ ਲੋਕਾਂ ਦੀ ਸਰੀਰਕ ਸ਼ਕਤੀ ਲਈ ਉਨ੍ਹਾਂ ਫੌਜੀ ਸਿਖਿਆ ਦੇਣੀ ਸ਼ੁਰੂ ਕੀਤੀ ਤੇ ਮਾਨਸਿਕ ਪ੍ਰੀਵਰਤਣ ਲਈ ਨਰੋਆ ਸਾਹਿਤ ਰਚਿਆ। "ਸਾਹਿਤਕਾਰ ਕੌਮ ਦੀ ਆਤਮਾ ਦੇ ਉਸਰਈਏ ਹੁੰਦੇ ਹਨ", ਇਸ ਖਿਆਲ ਨਾਲ ਗੁਰੂ ਸਾਹਿਬ ਨੇ ਪੁਰਾਤਨ ਸਾਹਿਤ ਦਾ ਅਧਿਐਨ ਕੀਤਾ ਤੇ ਆਮ ਜਨਤਾ ਦੇ ਲਾਭ ਲਈ ਕੁਝ ਅਜਿਹਾ ਸਾਹਿਤ ਅਨੁਵਾਦ ਕਰਾਇਆ, , ਜਿਸ ਦੇ ਪੜ੍ਹਿਆਂ ਪਾਠਕਾਂ ਦੇ ਦਿਲਾਂ ਅੰਦਰ ਜ਼ੁਲਮ ਵਿਰੁਧ ਜਜ਼ਬਾ ਪੈਦਾ ਹੋਵੇ।



ਡਾਕਟਰ ਗੰਡਾ ਸਿੰਘ ਦੇ ਕਥਨ ਅਨੁਸਾਰ, "ਗੁਰੂ ਸਾਹਿਬ ਦੀਆਂ ਰਚਨਾਵਾਂ ਦਾ ਨਿਚੋੜ, ਚੜ੍ਹਦੀ ਕਲਾ, ਰੱਬ ਦੀ ਏਕਤਾ ਵਿਚ ਵਿਸ਼ਵਾਸ ਤੇ ਭਰਮਾਂ ਆਦਿ ਵਿਰੁਧ ਵਿਰੋਧ ਹੈ।"

ਸਾਹਿਤ ਆਤਮਾ ਨੂੰ ਬਲਵਾਨ ਤਾਂ ਕਰਦਾ ਹੈ ਪਰ ਕੌਮ ਦੀ ਸਰਬ-ਪੱਖੀ ਪ੍ਰਗਤੀ ਲਈ ਸਰੀਰਕ ਬਲ ਦੀ ਵੀ ਲੋੜ ਹੁੰਦੀ ਹੈ। ਇਸ ਲਈ ਗੁਰੂ ਸਾਹਿਬ ਨੇ ਸਿੱਖਾਂ ਦੀ ਸਰੀਰਕ ਅਵਸਥਾ ਵਲ ਵੀ ਉਚੇਚਾ ਧਿਆਨ ਦਿੱਤਾ।

ਇਨ੍ਹਾਂ ਨਵਿਆਂ ਸਿਖਲਾਈ ਦੇ ਕਾਰਜਾਂ, ਸ਼ਿਕਾਰ ਜਾਣ, ਰਣਜੀਤ ਨਗਾਰਾ ਵਜਾਉਣ, ਬਾਕਾਇਦਾ ਫੌਜਾਂ ਰੱਖਣ ਤੋਂ ਮੁਗਲ ਬਾਦਸ਼ਾਹ ਤੇ ਪਹਾੜੀ ਰਾਜੇ ਔਖੇ ਵੀ ਸਨ ਤੇ ਭੈ-ਭੀਤ ਵੀ। ਫਲ-ਸਰੂਪ ਇਨ੍ਹਾਂ ਨਾਲ ਭੰਗਾਣੀ ਦਾ ਯੁਧ ਹੋਇਆ, ਇਸ ਯੁੱਧ ਵਿਚ ਗੁਰੂ ਜੀ ਦੀ ਜਿੱਤ ਹੋਈ। ਕਾਰਣ ਦੋ ਸਨ — ਗੁਰੂ ਸਾਹਿਬ ਦਾ ਅਨੁਭਵੀ ਤੇ ਸੂਝਵਾਨ ਜਰਨੈਲ ਹੋਣਾ ਤੇ ਗੁਰੂ ਸਾਹਿਬ ਦੇ ਅਨੁਆਈਆਂ ਦੀ ਦ੍ਰਿੜ੍ਹਤਾ ਤੇ ਜੂਝ ਮਰਨ ਦੀ ਰੀਝ। ਇਹ ਲੜਾਈ ਰਾਜਨੀਤਕ ਤੇ ਸਮਾਜਕ ਅਨਿਆਏ ਦੇ ਵਿਰੁਧ ਸੀ ਇਸ ਜਿੱਤ ਉਪਰੰਤ ਗੁਰੂ ਸਾਹਿਬ ਦਾ ਦਬਾਦਬਾ ਪਹਾੜੀ ਰਾਜਿਆਂ ਤੇ ਬੈਠ ਗਿਆ। ਖਾਲਸੇ ਦੀ-ਸਾਜਨਾ ਇਸ ਲੜਾਈ ਵਿਚ ਪ੍ਰਾਪਤ ਕੀਤੀ ਹੋਈ ਸਫਲਤਾ ਦਾ ਅੰਤਮ ਫਲ ਸੀ।

ਭੰਗਾਣੀ ਦੇ ਯੁਧ ਪਿਛੋਂ ਨਦੌਣ ਦੀ ਲੜਾਈ ਹੋਈ। ਗੁਰੂ ਸਾਹਿਬ ਨੇ ਨਕਸ਼ਾ ਇਸ ਤਰ੍ਹਾਂ ਖਿਚਿਆ, ਇਸ ਯੁਧ ਦਾ —

ਭੱਜਜੋ ਅਲਫ ਖਾਨੰ ਨ ਖਾਨਾ ਸੰਭਾਰਿਯੋ।
ਭਜੇ ਔਰ ਬੀਰੰ ਨ ਧੀਰੰ ਬਿਚਾਰਿਯੋ।
(ਬਚਿਤ੍ਰ ਨਾਟਕ, ਪੰਨਾ 64)

ਇਸ ਤੋਂ ਪਿਛੋਂ ਗੁਰੂ ਸਾਹਿਬ ਨਾਲ ਨਜਿੱਠਣ ਲਈ ਕਈ ਮੁਹਿੰਮਾਂ ਭੇਜੀਆਂ ਗਈਆਂ, ਜਿਵੇਂ ਖਾਨਜ਼ਾਦਾ ਦੀ ਮੁਹਿਮ, ਹੁਸੈਨ ਖਾਂ ਦੀ ਮੁਹਿਮ, ਜੁਝਾਰ ਸਿੰਘ ਦੀ ਮੁਹਿਮ, ਸ਼ਹਿਜ਼ਾਦਾ ਮੁਅੱਜ਼ਮ ਦੀ ਮੁਹਿਮ ਆਦਿ।

ਇਨ੍ਹਾਂ ਸਾਰੀਆਂ ਮੁਹਿੰਮਾਂ ਵਿਚ ਖਾਲਸੇ ਦੇ ਸਰੂਪ ਦੀ ਜਿੱਤ ਹੋਈ ਤੇ ਅੰਤ 1699 ਦੀ ਵਿਸਾਖੀ ਨੂੰ ਸਤਿਗੁਰੂ ਨੇ ਖਾਲਸਾ ਸਾਜ ਕੇ ਸਿੱਖਾਂ ਨੂੰ ਇਕ ਮਹਾਨ ਜਥੇਬੰਦੀ ਵਿਚ ਪਰੋ ਦਿੱਤਾ। ਗੁਰੂ ਸਾਹਿਬ ਨੇ ਵੇਖਿਆ ਕਿ ਮਰਜ਼ ਬੜਾ ਅਸਾਧ ਹੈ, ਇਸ ਲਈ ਮਾਮੂਲੀ ਦਵਾਈਆਂ ਨਾਲ ਹਟਣ ਵਾਲਾ ਨਹੀਂ, ਲੋੜ ਕਿਸੇ ਵਿਸ਼ੇਸ਼ ਕੁਸ਼ਤੇ ਦੀ ਹੈ। ਸੋ ਗੁਰੂ ਸਾਹਿਬ ਨੇ ਖੰਡੇ ਦਾ ਅੰਮ੍ਰਿਤ ਛਕਣ ਤੇ 'ਸੰਤ-ਸਿਪਾਹੀ' ਬਣਨ ਦਾ ਆਦੇਸ਼ ਦੇ ਦਿੱਤਾ। ਗੁਰੂ ਸਾਹਿਬ ਨੇ ਸ਼ਕਤੀ ਅਥਵਾ 'ਭਗੌਤੀ' ਨੂੰ ਅਕਾਲ ਪੁਰਖ ਦਾ ਸਰੂਪ ਦੱਸਦੇ ਹੋਏ ਫੁਰਮਾਇਆ :

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥2
(ਬਚਿਤ੍ਰ ਨਾਟਕ, ਪੰਨਾ 39)

ਗੁਰੂ ਸਾਹਿਬ ਨੇ ਅੰਮ੍ਰਿਤ ਛਕਾਉਣ ਬਾਅਦ ਖਾਲਸੇ ਨੂੰ ਸੰਬੋਧਨ ਕਰਦਿਆਂ ਹੋਇਆ ਫਰਜ਼ਾਂ ਬਾਰੇ ਦੱਸਦਿਆਂ ਹੋਇਆਂ ਕਿਹਾ —

ਜਾਗਤ ਜੋਤ ਜਪੈ ਨਿਸ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ,
ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥
(ਸ੍ਰੀ ਮੁਖਵਾਕ ਪਾ: ੧੦, ਪੰਨਾ 712)

ਪੰਜ ਕਕਾਰ ਖਾਲਸੇ ਦੀ ਵਰਦੀ ਬਣ ਗਈ ਤੇ ਇਸ ਵਰਦੀ ਨਾਲ ਸਿਖ

——————→

ਪੇਟ ਗੈਸ ਤੇ ਇਹਦਾ ਇਲਾਜ



ਨਰਿੰਦਰ ਪਾਲ ਕੰਡਾ

ਇਹ ਇਕ ਐਸਾ ਨਾ-ਮੁਰਾਦ ਰੋਗ ਹੈ ਜਿਸ ਨਾਲ ਆਦਮੀ ਨੂੰ ਕਈ ਤਰਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਪੇਟ ਗੈਸ ਕਿਸ ਤਰਾਂ ਹੁੰਦੀ ਹੈ

ਅਜਕਲ ਆਮ ਤੌਰ ਤੇ ਪੇਟ ਗੈਸ ਹੋ ਹੀ ਜਾਂਦੀ ਹੈ। ਇਸ ਵਾਤਾਵਰਨ ਅਨੁਸਾਰ ਸਾਰੇ ਬੁੱਢੇ ਨੌਜੁਆਨ ਅਤੇ ਬੱਚਿਆਂ ਨੂੰ ਵੀ ਪੇਟ ਗੈਸ ਹੋ ਜਾਂਦੀ ਹੈ ਇਹ ਰੋਗ ਤਾਂ ਹੁੰਦਾ ਹੈ ਜਦੋਂ ਅਸੀਂ ਘਿਓ ਚਾਵਲ ਤਲੀਆਂ ਚੀਜ਼ਾਂ ਮੈਦੇ ਤੋਂ ਤਿਆਰ ਚੀਜ਼ਾਂ ਅਤੇ ਚਾਹ ਦਾ ਜ਼ਿਆਦਾ ਇਸਤੇਮਾਲ ਕਰਦੇ ਹਾਂ ਜਾ ਖਾਣਾ ਖਾਣ ਤੋਂ ਫ ਬਾਅਦ ਇਕ ਦਮ ਲੇਟ ਜਾਣਾ ਇਹਨਾਂ ਸਭ ਗੱਲਾਂ ਤੋਂ ਪੇਟ ਗੈਸ ਹੁੰਦੀ ਹੈ।

ਗੈਸ ਦੀਆ ਨਿਸ਼ਾਨੀਆਂ

ਮੂੰਹ ਦਾ ਸੁਆਦ ਫਿਕਾ ਰਹਿਣਾ, ਮੂੰਹ ਤੋਂ ਪਾਣੀ ਜਾਣਾ, ਪੇਟ ਵਿਚ ਕੀੜੇ ਜਾਂ ਮਿਤਲਾਣਾ, ਕਬਜ਼, ਟੱਟੀ ਖੁਲ ਕੇ ਨਾ ਆਉਣਾ ਜਾਂ ਵਾਰ ਵਾਰ ਆਉਣਾ, ਅਫਾਰਾ , ਖੱਟੇ ਡਕਾਰ ਛਾਤੀ ਦੀ ਜਲਨ, ਖਾਣੀ ਜਲਦੀ ਹਜ਼ਮ ਨਾ ਹੋਣਾ ਘਬਰਾਹਟ, ਸਿਰ ਦਰਦ, ਨਜ਼ਰ ਦੀ ਕਮਜ਼ੋਰੀ, ਨੀਂਦ ਨਾ ਆਉਣਾ, ਬੇਚੈਨੀ, ਮੋਟਾਪਾ ਸਾਰੇ ਸਰੀਰ ਦਾ ਪਤਲਾ ਤੇ ਪੇਟ ਦਾ ਵਧਣਾ ਅਤੇ ਜਿਹਨਾਂ ਔਰਤਾਂ ਨੂੰ ਇਹ ਰੋਗ ਹੁੰਦਾ ਹੈ ਉਹਨਾਂ ਨਾਲ ਲਗਦੇ ਇਹਨਾਂ ਬੀਮਾਰੀਆਂ ਦੇ ਮੂੰਹ ਵਿਚ ਜਾਣਾ ਪੈਂਦਾ ਹੈ ਜਿਵੇਂ ਮਾਸਕ ਰਿਤੂ ਦਾ ਠੀਕ ਨਾ ਹੋਣਾ, ਮੋਟਾਪਾ, ਲਿਕੋਰੀਆ (ਪਾਣੀ ਦਾ ਪੈਣਾ) ਕਮਰ ਦਰਦ, ਜੋੜਾਂ ਦੀਆਂ ਦਰਦਾਂ, ਸਾਹ ਦਾ ਫੁਲਣਾ ਹਾਈ ਜਾਂ ਲੋਅ ਬਲਡ ਪ੍ਰੈਸ਼ਰ, ਵਾਲਆਂ ਵਾਲਾਂ ਦਾ ਝੜਨਾ ਆਦਿ ਬਹੁਤ ਰੋਗ ਲੱਗ ਜਾਂਦੇ ਹਨ।

ਜਿਹਨਾਂ ਆਦਮੀਆਂ ਨੂੰ ਪੇਟ ਦੀ ਗੈਸ ਹੋਵੇ ਉਹਨਾ ਨੂੰ ਉਪਰੋਕਤ ਰੋਗਾਂ ਤੋਂ ਇਲਾਵਾ ਸਰੀਰਕ ਕਮਜ਼ੋਰੀ, ਖਾਂਦੇ ਪੀਂਦੇ ਸਿਹਤ ਦਾ ਨਾ ਬਨਣਾ, ਦਿਮਾਗੀ ਪ੍ਰੇਸ਼ਾਨੀ ਕੋਈ ਜਾਨ ਲੇਵਾ ਰੋਗ ਲੱਗ ਜਾਂਦੇ ਹਨ। ਜਿਹਨਾ ਨਾਲ ਮਾਨਸਿਕ ਸ਼ਕਤੀ ਤੇ ਸਰੀਰ ਨਾਸ਼ ਹੋ ਜਾਂਦਾ ਹੈ ਜਦੋਂ ਇਹ ਰੋਗ ਜ਼ਿਆਦਾ ਪੁਰਾਣਾ ਹੋ ਜਾਂਦਾ ਹੈ ਤਾਂ ਇਹ ਆਦਮੀ ਮਰਨਾ ਹੀ ਚੰਗਾ ਸਮਝਦਾ ਹੈ ਜਿਹਨਾ ਨੂੰ ਇਹ ਰੋਗ ਹੋਣ ਉਹਨਾ ਨੂੰ ਘਬਰਾਉਣ ਦੀ ਲੋੜ ਨਹੀਂ ਮੇਰੇ ਆਪਣੇ 16 ਸਾਲ ਦੇ ਤਜ਼ਰਬੇ ਦੇ ਮੁਤਾਬਕ ਇਸ ਰੋਗ ਦੀ ਜੜ੍ਹ ਵੀ ਖਤਮ ਹੋ ਜਾਂਦੀ ਹੈ ਤੇ ਸਰੀਰ ਵੀ ਸ਼ਕਤੀਸ਼ਾਲੀ ਬਣ ਜਾਂਦਾ ਹੈ ਉਹ ਇਸ ਤਰਾਂ ਬੰਨਦਾ ਹੈ:

●ਖਾਣਾ ਖਾਣ ਤੋਂ ਬਾਅਦ ਇਕ ਦਮ ਲੇਟਣਾ ਨਹਾ ਚਾਹੀਦਾ ●ਸਵੇਰੇ ਤੜਕੇ ਉਠ ਕੇ ਤਰੇਲ ਵਾਲੀ ਘਾਹ ਉੱਤੇ ਨੰਗੇ ਪੈਰੀਂ ਸੈਰ ਕਰਨੀ ਚਾਹੀਦੀ ਹੈ। ●ਗੈਸ ਅਤੇ ਪੇਟ ਵਧਾਨ ਵਧਾਉਣ ਵਾਲੀਆਂ ਚੀਜ਼ਾਂ ਨੂੰ ਪ੍ਰਯੋਗ ਨਹੀਂ ਕਰਨਾ ਚਾਹੀਦਾ। ●ਬਾਸੇ ਭੋਜਨ ਨਹੀਂ ਖਾਣੇ ਚਾਹੀਦੇ ●ਰਾਤ ਨੂੰ ਸੌਣ ਵੇਲੇ ਇਕ ਮਿੱਟੀ ਦਾ ਕਸੋਰਾ ਭਰ ਕੇ ਸਿਰਹਾਣੇ ਰਖਣਾ ਚਾਹੀਦਾ ਹੈ ਫਿਰ ਉਸਨੂੰ ਸਵੇਰੇ ਉਠਦਿਆਂ ਹੀ ਪੀ ਲੈਣਾ ਚਾਹੀਦਾ ਹੈ। ●ਉਹਨਾਂ ਚੀਜ਼ਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਜਿਹਨਾ ਨਾਲ ਮਨੁੱਖ ਨੂੰ ਰੋਗਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ●ਖਾਣਾ ਖਾਣ ਤੋਂ ਬਾਅਦ ਭੋਗਬਿਲਾਸ ਨਹੀਂ ਕਰਨਾ ਚਾਹੀਦਾ।

ਜਿਹਨਾਂ ਮਨੁੱਖਾਂ ਨੂੰ ਇਹਨਾ ਉਪਰੋਕਤ ਗੱਲਾਂ ਕਰਨ ਤੋਂ ਬਾਅਦ ਵੀ ਆਰਾਮ ਨਾ ਆਵੇ ਉਹਨਾਂ ਨੂੰ ਮੈਂ ਯਕੀਨ ਦੁਆਉਂਦਾ ਹਾਂ ਕਿ ਮੇਰੇ ਉਸਤਾਦ ਹਕੀਮ ਦੇਣ ਨਾਲ ਜੀ ਦਾ ਦੱਸਿਆ ਇਹ ਨੁਸਖਾ ਸਤਰ, ਅਸੀਂ ਫੀਸਦੀ ਕਾਮਯਾਬ ਹੁੰਦਾ ਦੇਖਿਆ ਹੈ ਉਹ ਮੈਂ ਤੁਹਾਨੂੰ ਦਸਣਾ ਹੈ।

ਨੁਸਖਾ

ਜ਼ੀਰਾ ਸਫੇਦ, ਪਿਪਲੀ, ਸ਼ਜ਼ਰਲ ਬੰਜ਼, ਮੰਗਾਂ ਰੇਵੰਦ ਚੀਨੀ, ਸੁੰਡ, ਨਸ਼ਾਦਰ ਠੀਕਰੀ, ਕਾਲੀ ਮਿਰਚ, ਲੌਂਗ, ਮਲਠੀ ਦਾ ਸੱਤ, ਇਹਨਾ ਸਾਰੀਆ ਚੀਜ਼ਾਂ ਨੂੰ ਇਕ ਇਕ ਤੋਲਾ ਲਵੋ ਤੇ ਕੁਟ ਛਾਣ ਕੇ ਚੰਗੀ ਤਰਾਂ ਤਿਆਰ ਕਰੋ। ਫਿਰ ਇਹਨਾਂ ਵਿਚ ਅਸਲੀ ਹਿੰਗ ਭੁੰਨ ਕੇ ਇਕ ਤੋਲਾ ਪਾ ਦਿਓ। ਜਿਸ ਵਕਤ ਇਹ ਸਾਰੀਆਂ ਦਵਾਈਆਂ ਇਕਠੀਆਂ ਕਰ ਲਵੋ ਫਿਰ ਇਹਨਾਂ ਵਿਚ ਸ਼ਹਾਜ਼ਨਾਂ ਦੀਆਂ ਮੂਲੀਆਂ ਦਾ ਪਾਣੀ ਕੱਢ ਕੇ ਪਾਓ ਫਿਰ ਇਸਨੂੰ ਚੰਗੀ ਤਰਾ ਸੁੱਕਾ ਲਓ । ਜਦੋਂ ਸੁਕ ਜਾਵੇ ਤਾਂ ਇਸਨੂੰ ਚੰਗੀ ਤਰਾਂ ਰਗੜ ਕੇ ਇਹਦੇ ਵਿਚ ਮਿਠਾ ਸੋਢਾ ਜਿਹੜਾ ਖਾਣ ਦੇ ਕੰਮ ਆਉਂਦਾ ਹੈ ਬਰਾਬਰ ਪਾ ਦਿਓ। ਇਹ ਨੁਸਖਾ ਤਿਆਰ ਹੋ ਜਾਵੇਗਾ। ਫਿਰ ਇਸ ਵਿਚੋਂ ਦੋ ਦੋ ਮਾਸੇ ਦੀਆਂ ਬੜੀਆਂ ਬਣਾ ਲਵੋ । ਹਰ ਇਕ ਪਾਣੀ ਦੇ ਨਾਲ ਨਾਲ ਇਕ ਗੋਲੀ ਵਿਸ਼ਤੁੰਦਕ ਵਟੀ ਇਕ ਗੋਲੀ ਸੁਤਾ ਰਸਇਕਗੋਲੀ ਲਾਸੁਨਾਦੀ ਵਟੀ ਇਕ ਗੋਲੀ ਮਿਲਾ ਕੇ ਇਹ ਤਿੰਨੇ ਗੋਲੀਆਂ ਮਿਲਾ ਕੇ ਸਵੇਰੇ ਗਿਆਰਾਂ ਵਜੇ ਅਤੇ ਸ਼ਾਮ ਪੰਜ ਵਜੇ ਮਾਮੂਲੀ ਗਰਮ ਪਾਣੀ ਨਾਲ ਲਵੋ । ਜਿਹੜਾ ਤੁਹਾਡਾ ਤਿਆਰ ਕੀਤਾ ਨੁਸਖਾ ਹੈ ਉਸਦੀਆ ਪੁੜੀਆਂ ਤਿੰਨ ਵਾਰੀ ਸਵੇਰੇ ਨਾਸ਼ਤੇ ਤੋਂ ਬਾਅਦ ਦੁਪਹਿਰੇ ਖਾਣੇ ਤੋਂ ਬਾਅਦ ਰਾਤ ਨੂੰ ਵੀ ਖਾਣੇ ਤੋਂ ਬਾਅਦ ਤਾਜ਼ੇ ਪਾਣੀ ਨਾਲ ਪ੍ਰਯੋਗ ਕਰੋ ਇਸਨੂੰ ਉਸ ਵਕਤ ਤੱਕ ਪ੍ਰਯੋਗ ਕਰਦੇ ਰਹੋ ਜਦ ਤੱਕ ਠੀਕ ਨਾ ਹੋ ਜਾਵੇ ਸਿਆਣੇ ਆਖਦੇ ਹਨ ਕਿ ਦਵਾਈਆਂ ਨਾਲੋਂ ਪ੍ਰਹੇਜ਼ ਜ਼ਿਆਦਾ ਫਾਇਦਾ ਕਰਦਾ ਹੈ।

ਪ੍ਰਹੇਜ਼

ਤਲੀਆਂ ਚੀਜ਼ਾਂ, ਮੀਟ, ਮੱਛੀ, ਅੰਡੇ, ਸ਼ਰਾਬ, ਅਰਬੀ, ਚਾਵਲ, ਗੋਭੀ, ਚਾਰ ਵੀ ਚਾਹ ਵੀ ਘੱਟ ਪੀਣੀ ਚਾਹੀਦੀ ਹੈਉਹਨਾਂ ਚੀਜ਼ਾਂ ਦਾ ਪ੍ਰਯੋਗ ਨਾ ਕਰੋ ਜਿਸ ਨਾਲ ਆਪਦੇ ਸਰੀਰ ਨੂੰ ਕਸ਼ਟ ਹੋਵੇ।

'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ
SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address...
City..
Province...
Postal code..
PHONE.

One Year	30 dollars
Two Year	55 dollars
Three year	80 dollars
Life membership..........	500 dollars
ASIA............................	150 dollars [a year]
U.S.A.	35 dollars [a year]
Europe	150 dollars [a year]
Africa	150 dollars [a year]

● ਇਕ ਮਦਾਰੀ ਤਮਾਸ਼ਾ ਦਿਖਾ ਰਿਹਾ ਸੀ। ਉਸਨੇ ਭੀੜ ਵਿਚੋਂ ਇਕ ਲੜਕੇ ਨੂੰ ਬੁਲਾਇਆ ਅਤੇ ਪੁਛਿਆ-ਲੜਕੇ! ਦਸ ਤੂੰ ਮੈਨੂੰ ਕਿਧਰੇ ਦੇਖਿਆ ਤਾਂ ਨਹੀਂ।

ਲੜਕੇ ਨੇ ਮਾਸੂਮੀਅਤ ਨਾਲ ਜੁਆਬ ਦਿੱਤਾ-'ਨਹੀਂ ਪਾਪਾ।'

ਵਿੱਲੜ ਮਨੁਖਾਂ ਤੋਂ ਵੱਖਰੇ ਜਾਪਣ ਲਗ ਪਏ। ਗੁਰੂ ਸਾਹਿਬ ਨੇ ਜੋ ਕਮਾਲ ਦਾ ਕ੍ਰਿਸ਼ਮਾ ਕੀਤਾ, ਉਹ ਸੀ ਖਾਲਸੇ ਨੂੰ ਅੰਮ੍ਰਿਤ ਛਕਾ ਕੇ ਆਪ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਖਾਲਸੇ ਵਿਚ ਅਭੇਦ ਹੋ ਜਾਣਾ। ਇਸ ਤਰ੍ਹਾਂ ਨਾਲ ਲੋਕ-ਤੰਤਰੀ ਸਮਾਨਤਾ ਕਾਇਮ ਹੋ ਗਈ :

ਭਾਈ ਗੁਰਦਾਸ ਭੱਲਾ ਨੇ ਬੜਾ ਖੂਬਸੂਰਤ ਕਿਹਾ ਹੈ —

"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ"

ਤੇ ਗੁਰੂ ਸਾਹਿਬ ਨੇ ਸ਼ੱਕ ਦੀ ਗੁੰਜਾਇਸ਼ ਹੀ ਨਾ ਰਹਿਣ ਦਿੱਤੀ, ਜਦੋਂ ਫੁਰਮਾਇਆ —

ਖਾਲਸਾ ਮੇਰੋ ਰੂਪ ਹੈ ਖਾਸ ॥
ਖਾਲਸੇ ਮੈ ਹਉ ਕਰੋ ਨਿਵਾਸ ॥

ਇਸ ਤਰ੍ਹਾਂ ਕਾਇਮ ਹੋਈ ਇਹ ਇਨਕਲਾਬੀ ਲਹਿਰ ਜਲਦੀ ਹੀ ਬਹੁਤ ਵਧੀ ਫੁਲੀ। ਇਤਿਹਾਸਕਾਰ ਪੇਨ ਲਿਖਦਾ ਹੈ —

"ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖਾਲਸਾ ਸਾਜਣ ਨਾਲ ਉਨ੍ਹਾਂ ਦੇ ਅਨੁਆਈਆਂ ਦੀ ਗਿਣਤੀ ਵਿਚ ਵਾਧਾ ਹੋਇਆ ਤੇ ਸ਼ਕਤੀ ਵੀ ਵਧੀ।"

ਗਾਰਡਨ ਦੇ ਕਥਨ ਅਨੁਸਾਰ "ਮਿੱਧੀ ਹੋਈ ਜੱਟਾਂ ਦੀ ਸ਼੍ਰੇਣੀ ਦੀਆਂ ਸੁਕੀਆਂ ਹੱਡੀਆਂ ਵਿਚ ਜਾਨ ਆ ਗਈ।"

ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਤੇ ਉਨ੍ਹਾਂ ਨੂੰ ਇਕ ਵਿਸ਼ੇਸ਼ ਵਿਅਕਤੀਤਵ ਦੇ ਕੇ ਗੁਰੂ ਸਾਹਿਬ ਨੇ ਸਿੱਖਾਂ ਵਿਚ ਭਾਵਕ ਜੋੜਤਾ Emotional Integration ਲਿਆਂਦੀ, ਜੋ ਕਿਸੇ ਜਥੇਬੰਦੀ ਦੀ ਜਿੰਦ ਜਾਨ ਹੁੰਦੀ ਹੈ। ਗੁਰੂ ਸਾਹਿਬ ਨੇ ਤਲਵਾਰ ਨੂੰ ਧਰਮ ਦਾ ਅੰਗ ਬਣਾ ਕੇ ਸਿਖ ਧਰਮ ਨੂੰ "ਸੰਤ ਸਿਪਾਹੀਆਂ" ਦਾ ਧਰਮ ਬਣਾ ਦਿੱਤਾ। ਖਾਲਸੇ ਇਹ ਸਮਝ ਕੇ ਕਿ ਗੁਰੂ ਸਾਹਿਬ ਉਹਨਾਂ ਵਿਚ ਹੀ ਮੌਜੂਦ ਹਨ ਚਟਾਂਨ ਵਾਂਗ ਮਜ਼ਬੂਤ ਹੋ ਗਏ ਅਤੇ ਔਕੜਾਂ ਤੇ ਅਤਿ ਮੁਸ਼ਕਲਾਂ ਵਿਚ ਵੀ ਨਾ ਡੋਲੇ ਇਸ ਤਰ੍ਹਾਂ ਨਾਲ ਸਿਖ ਧਰਮ ਅੰਦਰ ਚੜ੍ਹਦੀ ਕਲਾ ਦਾ ਅਮੁਕ ਜਜ਼ਬਾ ਉਤਪੰਨ ਹੋ ਗਿਆ। ਕਈ ਲੋਕਾਂ ਦਾ ਖਿਆਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਤੁਰੀ ਆ ਰਹੀ ਅਧਿਆਤਮਕ ਪਰੰਪਰਾ ਵਿਚ ਤਬਦੀਲੀ ਲਿਆਂਦੀ ਤੇ ਸਿੱਖਾਂ ਦੇ ਧਾਰਮਿਕ ਫਿਰਕੇ ਨੂੰ ਆਪਣੀ ਰਾਜਨੀਤਕ ਤੇ ਪਦਾਰਥਕ ਉਨਤੀ ਲਈ ਵਰਤਿਆ। ਪਰ ਅਸਲੀਅਤ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੇ ਰਸਤੇ ਨੂੰ ਨਹੀਂ ਛਡਿਆ। ਗੁਰੂ ਸਾਹਿਬ ਦੇ ਕੰਮ ਉਸੇ ਸਿਖ ਧਰਮ ਦੇ ਵਿਕਾਸ ਦੀ ਉਪਜ ਸਨ, ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਸੀ। ਉਹ ਫਸਲ ਜਿਹੜੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਪੱਕੀ, ਗੁਰੂ ਨਾਨਕ ਸਾਹਿਬ ਨੇ ਹੀ ਬੀਜੀ ਸੀ। ਜੋ ਤਲਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤੀ ਸੀ ਉਸ ਲਈ ਲੋਹਾ ਗੁਰੂ ਨਾਨਕ ਸਾਹਿਬ ਨੇ ਹੀ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜ਼ਾਲਮਾਂ ਦੇ ਜ਼ੁਲਮ ਨੂੰ ਖਤਮ ਕਰਨ ਲਈ ਆਖਰੀ ਹਥਿਆਰ ਦੇ ਤੌਰ ਤੇ ਤਲਵਾਰ ਵਰਤਣਾ ਕਿਸੇ ਤਰ੍ਹਾਂ ਵੀ ਸਾਬਤ ਨਹੀਂ ਕਰਦਾ ਕਿ ਉਹਨਾਂ ਦਾ ਸਿਖ ਧਰਮ ਦੇ ਅਸੂਲਾਂ ਵਿਚ ਵਿਸ਼ਵਾਸ ਘਟ ਗਿਆ ਸੀ। ਉਹਨਾਂ ਨੇ ਆਪਣੇ ਸਿੱਖਾਂ ਨੂੰ ਇਹ ਸਿਖਿਆ ਦਿੱਤੀ ਕਿ ਸੰਸਾਰ ਵਿਚ ਸਫਲ ਮਨੁੱਖ ਉਹ ਹੈ, ਜਿਹੜਾ ਅਕਾਲ ਪੁਰਖ ਦਾ ਨਾਂ ਜਪਦਾ ਹੋਇਆ ਵੀ ਬੁਰਾਈ ਦੇ ਵਿਰੁਧ ਯੁਧ ਕਰਨ ਦੀ ਇੱਛਾ ਚਿਤ ਵਿਚ ਰਖਦਾ ਹੈ ——

ਧੰਨ ਜੀਓ ਤਿਹ ਕੋ ਜਗ ਮੈ,
ਮੁਖ ਤੇ ਹਰਿ, ਚਿੱਤ ਮੈ ਜੁਧੁ ਬਿਚਾਰੈ ॥ (ਪੰਨਾ 570)

ਦੁਨੀਆਂ ਵਿਚ ਰਹਿ ਕੇ ਸਫਲ ਜੀਵਨ ਬਤੀਤ ਕਰਨ ਦੇ ਸ਼ੁਭ ਕੰਮ ਕਰਨ ਦਾ ਉਚੇਚਾ ਸੰਦੇਸ਼ ਦੇਂਦਿਆਂ ਹੋਇਆਂ ਗੁਰੂ ਕਲਗੀਧਰ ਪਾਤਸ਼ਾਹ ਨੇ ਫੁਰਮਾਇਆ :

ਅਲਪ ਅਹਾਰ, ਸੁਲਪ ਸੀ ਨਿੰਦ੍ਰਾ, ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ, ਹੈਬੋ ਤ੍ਰਿਗੁਣ ਅਤੀਤਿ ॥੨॥
ਕਾਮ, ਕ੍ਰੋਧ, ਹੰਕਾਰ, ਲੋਭ ਹਠ, ਮੋਹ ਨ ਮਨ ਸੋ ਲਜਾਵੈ ॥
ਤਬ ਹੀ ਆਤਮ ਤਤ ਕੋ ਦਰਸੇ, ਪਰਮ ਪੁਰਖ ਕਹ ਪਾਵੈ ॥੩॥
(ਰਾਮਕਲੀ ਪਾ: 10; ਪੰਨਾ 709)

ਭਾਵ ਆਤਮ ਤੱਤ ਤੇ ਸਰਬ ਸ਼ਕਤੀਮਾਨ ਵਾਹਿਗੁਰੂ ਦੀ ਪ੍ਰਾਪਤੀ ਲਈ ਮਨ 'ਚੋਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿਕ ਵਿਸ਼ਿਆਂ ਦਾ ਤਿਆਗ ਕਰਨਾ ਪਵੇਗਾ।

ਇਹ ਉਹੀ ਉਪਦੇਸ਼ ਸੀ ਜੋ ਬਾਕੀ ਗੁਰੂ ਸਾਹਿਬਾਨ ਆਪਣੀ ਬਾਣੀ ਦੁਆਰਾ ਕਰਦੇ ਰਹੇ ਸਨ। ਉਹਨਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਜੇਕਰ ਜੀਵਨ ਦੈਵੀ ਨਾ ਹੋਇਆ ਤੇ ਫੌਜੀ ਸ਼ਕਤੀ ਵੀ ਰੱਖਿਆ ਨਹੀਂ ਕਰ ਸਕੇਗੀ। ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਮਤਲਬ ਜ਼ੁਲਮ ਤੇ ਧੱਕਾ ਕਰਨਾ ਨਹੀਂ ਸੀ, ਸਗੋਂ ਜ਼ੁਲਮ ਤੇ ਧੱਕੇ ਦਾ ਡਟ ਕੇ ਟਾਕਰਾ ਕਰਨਾ ਸੀ। ਗੁਰੂ ਸਾਹਿਬ ਦਾ ਮੰਤਵ ਕਦੇ ਵੀ ਨਿੱਜੀ ਰਾਜ ਕਾਇਮ ਕਰਨ ਦਾ ਨਹੀਂ ਸੀ। ਉਹ ਸਦਾ ਖਾਲਸੇ ਦੀਆਂ ਚੜ੍ਹਦੀਆਂ ਕਲਾਂ ਦੇ ਚਾਹਵਾਨ ਸਨ।

ਇੰਦੂ ਭੂਸ਼ਨ ਬੈਨਰਜੀ ਨੇ ਸਪਸ਼ਟ ਕਿਹਾ ਹੈ ਕਿ "ਗੁਰੂ ਸਾਹਿਬ ਦਾ ਆਸ਼ਾ ਨਾ ਰਾਜਸੀ ਸ਼ਕਤੀ ਬਨਾਉਣਾ ਸੀ ਤੇ ਨਾ ਹੀ ਪਦਾਰਥਕ ਉਨਤੀ ਕਰਨਾ।"

ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਦਾ ਮੰਤਵ ਪੰਚਾਇਤੀ ਦ੍ਰਿਸ਼ਟੀ ਕੋਣ ਦਾ ਪ੍ਰਚਾਰ ਕਰਨਾ, ਸਿੱਖਾਂ ਨੂੰ ਅੰਮ੍ਰਿਤ ਛਕਾ ਕੇ "ਸਿੰਘ" ਸਜਾਣਾ ਤੇ ਮੂਰਤੀ ਪੂਜਾ, ਜਾਤ ਪਾਤ ਅਤੇ ਵਿਅਰਥ ਰਸਮਾਂ ਰਿਵਾਜ਼ਾਂ ਦੇ ਵਿਰੁਧ ਆਵਾਜ਼ ਉਠਾਣਾ ਸੀ। ਪਹਾੜੀ ਰਾਜੇ ਉਪਰੋਕਤ ਕਾਰਨਾਂ ਕਰਕੇ ਭੈ-ਭੀਤ ਹੋ ਰਹੇ ਸਨ ਤੇ ਖਾਹ-ਮਖਾਹ ਚਿੰਤਾਤੁਰ ਹੋ ਰਹੇ ਸਨ। ਆਨੰਦਪੁਰ ਦੀ ਪਹਿਲੀ ਲੜਾਈ ਨਿਰਮੋਹ ਦੀ ਲੜਾਈ, ਬਸ਼ੌਲੀ ਦੀ



ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ

ਜੰਗ, ਆਨੰਦਪੁਰ ਦੂਜੀ ਲੜਾਈ ਪਹਾੜੀ ਰਾਜਿਆਂ ਦੀ ਬੇਵਕੂਫੀ ਕਰਕੇ ਹੀ ਲੜੀਆਂ ਗਈਆਂ, 1704 ਵਿਚ ਹਾਲਾਤ ਅਨੁਸਾਰ ਗੁਰੂ ਸਾਹਿਬ ਨੂੰ ਆਨੰਦਪੁਰ ਦਾ ਕਿਲਾ ਛਡਣਾ ਪਿਆ, 22 ਦਸੰਬਰ 1704 ਨੂੰ ਚਮਕੌਰ ਦੀ ਲੜਾਈ ਲੜਨੀ ਪਈ, ਜਿਸ 'ਚ ਕੇਵਲ 40 ਸਿੱਖਾਂ ਨੇ ਕੱਚੇ ਮਕਾਨ ਵਿਚ ਬੈਠ ਕੇ ਹਜ਼ਾਰਾਂ ਸ਼ਤਰੂਆਂ ਦਾ ਟਾਕਰਾ ਜਿਸ ਦ੍ਰਿੜ੍ਹਤਾ, ਦਲੇਰੀ ਤੇ ਸੂਰਮਗਤੀ ਨਾਲ ਕੀਤਾ ਉਸ ਦੀ ਮਿਸਾਲ ਸੰਸਾਰ ਦੇ ਯੁਧ-ਇਤਿਹਾਸ ਵਿਚ ਮਿਲਣੀ ਮੁਸ਼ਕਲ ਹੈ। ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਛੀਵਾੜੇ ਦੇ ਕੰਡਿਆਲੇ ਜੰਗਲ ਵਿਚ ਇਕਲਿਆਂ ਵਿਚਰਦਿਆਂ, ਪੋਹ-ਮਾਘ ਦੀਆਂ ਠੰਡੀਆਂ ਰਾਤਾਂ ਵਿਚ ਸੰਕਟ ਸਮੇਂ ਵੀ ਚੜ੍ਹਦੀਆਂ ਕਲਾਂ ਵਿਚ ਰਹਿਣਾ ਤੇ ਆਤਮਕ ਸਮ-ਤੋਲ ਨੂੰ ਕਾਇਮ ਰੱਖਣਾ ਤੇ ਮਿਤਰ ਪਿਆਰੇ ਨੂੰ ਸੁਨੇਹ ਦੇਂਦਿਆਂ ਆਖਣਾ "ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ" ਗੁਰੂ ਸਾਹਿਬ ਦੀ ਸ਼ਖਸੀਅਤ ਨੂੰ ਭਲੀ-ਭਾਂਤ ਉਜਾਗਰ ਕਰਦਾ ਹੈ। ਇਸ ਤੋਂ ਪਿਛੋਂ ਗੁਰੂ ਸਾਹਿਬ ਦਾ ਦੀਨੇ ਪਹੁੰਚਣਾ ਤੇ ਔਰੰਗਜ਼ੇਬ ਨੂੰ ਫਤਹਿ ਦੀ ਚਿੱਠੀ (ਜ਼ਫਰਨਾਮਾ) ਲਿਖਣੀ ਗੁਰੂ ਸਾਹਿਬ ਦੇ ਵਿਅਕਤਿਤਵ ਦੀ ਮੂੰਹ ਬੋਲਦੀ ਤਸਵੀਰ ਹੈ।

ਦਮਦਮਾ ਸਾਹਿਬ (ਗੁਰੂ ਕੀ ਕਾਂਸ਼ੀ) ਵਿਚ ਰਹਿ ਕੇ ਸਾਹਿਬ ਨੇ ਵਿਦਿਆ ਤੇ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਬਾਰੇ ਬੜਾ ਮਹਾਨ ਕਾਰਜ ਕੀਤਾ। ਉਹ ਸਾਹਿਤ ਦੱਬੀ ਹੋਈ ਆਤਮਾ ਨੂੰ ਬਲਵਾਨ ਬਣਾਉਣ ਦਾ ਇਕ ਸੁਚੱਜਾ ਢੰਗ ਸਮਝਦੇ ਸਨ। ਚੜ੍ਹਦੀ ਕਲਾ ਵਾਲਾ ਜਜ਼ਬਾ ਕੌਮ ਦੇ ਵਿਕਾਸ ਲਈ ਬੜਾ ਜ਼ਰੂਰੀ ਹੁੰਦਾ ਹੈ। ਗੁਰੂ ਸਾਹਿਬ ਦੀਆਂ ਰਚਨਾਵਾਂ ਦਾ ਮੀਰੀ ਗੁਣ "ਆਸ਼ਾਵਾਦ" ਹੈ। ਆਪ ਨੇ ਹਿੰਦੀ, ਪੰਜਾਬੀ ਸੰਸਕ੍ਰਿਤ ਅਤੇ ਫਾਰਸੀ ਵਿਚ ਆਪਣੀ ਰਚਨਾ ਕੀਤੀ।

ਗੁਰੂ ਸਾਹਿਬ ਦੀ ਕਵਿਤਾ ਵਿਚ ਉਹ ਸਭ ਗੁਣ ਮੌਜੂਦ ਹਨ, ਜੋ ਕਿਸੇ ਮਹਾਨ ਕਾਵਿ ਵਿਚ ਹੁੰਦੇ ਹਨ। ਗੁਰੂ ਸਾਹਿਬ ਆਪ ਮਹਾਨ ਵਿਦਵਾਨ ਹੋਣ ਦੇ ਨਾਲ ਨਾਲ ਵਿਦਵਾਨਾਂ ਦੇ ਸਰਪ੍ਰਸਤ ਤੇ ਕਦਰਦਾਨ ਵੀ ਸਨ। ਪਾਉਂਟਾ ਸਾਹਿਬ ਤੇ ਆਨੰਦਪੁਰ ਸਾਹਿਬ ਵਿਦਵਾਨਾਂ ਤੇ ਕਲਾਕਾਰਾਂ ਦੇ ਕੇਂਦਰ ਬਣੇ ਰਹੇ। ਗੁਰੂ ਸਾਹਿਬ ਕਵੀਆਂ, ਵਿਦਵਾਨਾਂ ਤੇ ਕਲਾਕਾਰਾਂ ਨੂੰ ਉਤਸ਼ਾਹ ਤੇ ਸਹਾਇਤਾ ਦੇਂਦੇ ਰਹਿੰਦੇ। ਆਮ ਖਿਆਲ ਕੀਤਾ ਜਾਂਦਾ ਹੈ ਕਿ ਆਪ ਪਾਸ ਬਵੰਜਾ ਕਵੀ ਸਨ। ਕਵੀ ਕੇਵਲ ਆਪਣੀਆਂ ਰਚਨਾਵਾਂ ਹੀ ਨਹੀਂ ਸਨ ਰਚਦੇ, ਸਗੋਂ ਵਿਦਿਆ ਪਰੇਮੀਆਂ ਨੂੰ ਅਰਬੀ, ਫਾਰਸੀ ਤੇ ਸੰਸਕ੍ਰਿਤ ਦੀ ਵਿਦਿਆ ਵੀ ਦੇਂਦੇ ਸਨ।

ਭਾਈ ਵੀਰ ਸਿੰਘ ਜੀ ਅਨੁਸਾਰ, ਪੰਜ ਪਿਆਰਿਆਂ ਨੂੰ ਅਰਬੀ ਤੇ ਫਾਰਸੀ ਪੜ੍ਹਾਉਣ ਲਈ ਵਿਦਵਾਨ ਨੀਅਤ ਕੀਤੇ ਗਏ ਸਨ। ਕਈ ਪੰਡਤ ਸੰਸਕ੍ਰਿਤ ਪੜ੍ਹਾਉਣ ਵਾਸਤੇ ਮਾਸਿਕ ਤਨਖਾਹ ਤੇ ਵੀ ਕੰਮ ਕਰਦੇ ਸਨ। ਕਵੀਆਂ ਨੇ ਬਹੁਮੁਲੀਆਂ ਰਚਨਾਵਾਂ ਰਚੀਆਂ। ਸੈਨਾਪਤ ਨੇ 'ਗੁਰ ਸੋਭਾ' ਪੁਸਤਕ ਲਿਖੀ ਅਤੇ ਚਾਣਕਿਆ ਦੇ ਅਰਥ ਸ਼ਾਸਤਰ ਦਾ ਅਨੁਵਾਦ ਕੀਤਾ। 'ਜੰਗ ਨਾਮਾ' ਪੁਸਤਕ ਦੀ ਰਚਨਾ ਵੀ ਹੋਈ। ਗਿਰਧਾਰੀ ਲਾਲ ਨੇ 'ਪਿੰਗਲ' ਲਿਖੇ। ਗੁਰੂ ਸਾਹਿਬ ਦੇ ਪਰਮ ਸ਼ਰਧਾਲੂ ਤੇ ਅਰਬੀ ਫਾਰਸੀ ਦੇ ਪ੍ਰਸਿੱਧ ਵਿਦਵਾਨ ਦੀਵਾਨ ਨੰਦ ਲਾਲ ਨੇ ਗੁਰ-ਉਸਤਤ ਵਿਚ ਗ਼ਜ਼ਲਾਂ ਲਿਖੀਆਂ।

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਸੰਖੇਪ ਸਰਵੇਖਣ ਕਰਨ ਉਪਰੰਤ ਅਸੀਂ ਗੁਰੂ ਸਾਹਿਬ ਦੀ ਸਰਬ-ਪੱਖੀ ਸ਼ਖਸੀਅਤ ਤੇ ਵਿਚਾਰ ਕਰਨ ਯੋਗ ਹੋ ਗਏ ਹਾਂ।

ਗੁਰੂ ਸਾਹਿਬ ਦਾ ਜੀਵਨ ਇਕ ਪੂਰਨ ਰਾਜਯੋਗੀ ਵਾਲਾ ਜੀਵਨ ਸੀ। ਗੁਰੂ ਸਾਹਿਬ ਗ੍ਰਿਹਸਤੀ ਸਨ। ਉਨ੍ਹਾਂ ਦੀ ਸੰਤਾਨ ਸੀ, ਉਨ੍ਹਾਂ ਦਾ ਆਪਣੇ ਪ੍ਰਵਾਰ ਨਾਲ ਹਿੱਤ ਤੇ ਪਿਆਰ ਸੀ। ਉਹ ਆਪਣੀ ਮਾਤਾ ਜੀ ਦੇ ਲਾਡਲੇ ਸਪੁਤਰ, ਸਪੁਤਰਾਂ ਦੇ ਸੁਹਿਰਦ ਪਿਤਾ ਹੁੰਦੇ ਹੋਏ ਵੀ ਗ੍ਰਿਹਸਤੀ ਜੀਵਨ ਵਿਚ ਖਚਿਤ ਨਹੀਂ ਹੋਏ ਅਤੇ ਲੋੜ ਪੈਣ ਤੇ ਕੌਮ ਉਤੋਂ ਪਿਆਰੇ ਲਾਲ ਕੁਰਬਾਨ ਕਰਕੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਹੈ। ਅਤਿ ਔਕੜ ਸਮੇਂ ਵੀ ਉਹ ਚੜ੍ਹਦੀਆਂ ਕਲਾਂ ਵਿਚ ਰਹੇ। ਉਹ ਆਦਰਸ਼ਕ ਸਪੁਤਰ, ਅਦੁਤੀ ਪਤੀ ਤੇ ਲਾਸਾਨੀ ਪਿਤਾ ਸਨ। ਆਪਣੇ ਸਿੱਖਾਂ ਬਾਰੇ ਇਹ ਕਹਿਣਾ "ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋ ਸੇ ਗਰੀਬ ਕਰੋਰ ਪਰੇ" ਉਨ੍ਹਾਂ ਦੇ ਆਚਰਨ ਤੇ ਚਾਨਣਾ ਪਾਉਂਦਾ ਹੈ। ਉਹਨਾਂ ਦਾ ਆਚਰਨ ਅਤਿ ਉਚੇ ਦਰਜੇ ਦਾ ਸੀ। ਜੰਗ ਦੇ ਸਮੇਂ ਵੀ ਉਹਨਾਂ ਨੇ ਠੱਗੀ, ਝੂਠ ਤੇ ਫਰੇਬ ਤੋਂ ਕੰਮ ਨਹੀਂ ਲਿਆ। ਚਮਕੌਰ ਦੀ ਗੜ੍ਹੀ ਤੋਂ ਖਾਲਸੇ ਦਾ ਹੁਕਮ ਮੰਨ ਕੇ ਜਾਣ ਵੇਲੇ ਚੁਪ-ਚਾਪ ਨਹੀਂ, ਸਗੋਂ ਗੱਜ-ਵੱਜ ਕੇ, ਲਲਕਾਰ ਕੇ ਸ਼ੱਤਰੂ ਦੀਆਂ ਫੌਜਾਂ ਚੀਰ ਕੇ ਲੰਘੇ ਸਨ। ਆਪਣੇ ਸਚਿਆਰ ਹੋਣ ਦੇ ਆਦਰਸ਼ ਦੀ ਖਾਤਰ ਉਹਨਾਂ ਹਰ ਔਕੜ ਦਾ ਟਾਕਰਾ ਕੀਤਾ ਪਰ ਅਸੂਲ ਨਹੀਂ ਤਿਆਗਿਆ।

ਗੁਰੂ ਨਾਨਕ ਸਾਹਿਬ ਤੇ ਬਾਕੀ ਗੁਰੂ ਸਾਹਿਬਾਨ ਦੇ ਸਮੇਂ ਹਿੰਦੂ ਸਾਮਰਾਜ ਵਿਚ ਵਹਿਮ, ਭਰਮ, ਵਿਅਰਥ ਰਸਮਾਂ, ਫੋਕੇ ਕਰਮ-ਕਾਂਡ ਸਨ, ਜਿਨ੍ਹਾਂ ਤੋਂ ਛੁਟਕਾਰਾ ਦੁਆਉਣ ਦਾ ਸਿਰਤੋੜ ਯਤਨ ਗੁਰੂ ਸਾਹਿਬਾਨ ਨੇ ਕੀਤਾ, ਪਰ ਰਾਜਨੀਤਕ ਤੇ ਸਮਾਜਕ ਅਤੇ ਧਾਰਮਿਕ ਆਜ਼ਾਦੀ ਪੂਰੀ ਤਰ੍ਹਾਂ ਅਜੇ ਪ੍ਰਾਪਤ ਨਹੀਂ ਸੀ ਹੋ ਸਕੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਮਾਨਸਿਕ ਆਜ਼ਾਦੀ ਲਈ ਵਹਿਮਾਂ, ਭਰਮਾਂ ਤੇ ਪਾਖੰਡਾਂ ਵਿਰੁਧ ਪ੍ਰਚਾਰ ਕੀਤਾ, ਉਥੇ ਉਹਨਾਂ ਨੇ ਪੰਜਾਬੀਆਂ ਦੇ ਹਿਰਦੇ ਵਿਚ ਕੌਮੀ ਉਚੱਤਾ ਤੇ ਸੁਤੰਤਰਤਾ ਲਈ ਵੀ ਤੜਪ ਪੈਦਾ ਕਰ ਦਿੱਤੀ। ਹਿੰਦੁਸਤਾਨ ਦੀ ਜਾਬਰ ਮੁਗ਼ਲ ਹਕੂਮਤ ਵਿਰੁਧ ਗਿਣਤੀ ਦੇ ਸੂਰਬੀਰ ਤੇ ਆਪਾਂ ਵਾਰੂ ਸਿੰਘਾਂ ਦੀ ਸਹਾਇਤਾ ਨਾਲ ਟੱਕਰ ਲੈ ਕੇ ਗੁਰੂ ਸਾਹਿਬ ਨੇ ਸਾਮਰਾਜਸ਼ਾਹੀ ਦਾ ਜਾਦੂ ਤੋੜ ਦਿੱਤਾ ਤੇ ਜਨਤਾ ਦੇ ਦਿਲਾਂ ਵਿਚੋਂ ਇਹ ਭਰਮ ਕੱਢ ਦਿੱਤਾ ਕਿ ਦਿੱਲੀ ਦੇ ਬਾਦਸ਼ਾਹ ਅਜਿੱਤ ਹਨ।

ਉਹ ਕਿਸੇ ਧਰਮ ਦੇ ਵਿਰੁਧ ਨਹੀਂ ਸਨ। ਜੇਕਰ ਉਹ ਮੁਸਲਮਾਨਾਂ ਦੇ ਵਿਰੁੱਧ ਹੁੰਦੇ ਤਾਂ ਪੀਰ ਬੁਧੂ ਸ਼ਾਹ, ਗਨੀ ਖਾਂ, ਨਬੀ ਖਾਂ ਉਨ੍ਹਾਂ ਦੀ ਸੇਵਾ ਕਰਨ ਵਿਚ ਮਾਣ ਮਹਿਸੂਸ ਨਾ ਕਰਦੇ। ਉਹ ਤਾਂ ਸੱਚੇ ਭਾਰਤੀ ਸਨ। ਉਹ ਭਾਰਤੀ ਸਭਿਅਤਾ ਦੇ ਆਸ਼ਕ ਸਨ ਪਰ ਉਹ ਪ੍ਰਚਲਿਤ ਛੂਤ-ਛਾਤ, ਜਾਤ-ਪਾਤ, ਉਚ-ਨੀਚ ਨੂੰ ਪਸੰਦ ਨਹੀਂ ਸਨ ਕਰਦੇ। ਉਹ ਲੋਕ ਰਾਜ ਦੇ ਵੱਡੇ ਪ੍ਰਚਾਰਕ ਸਨ। ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਆਨੰਦਪੁਰ ਲਿਆਉਣ ਵਾਲੇ ਭਾਈ ਜੈਤਾ ਜੀ ਰੰਘਰੇਟੇ ਨੂੰ ਉਨ੍ਹਾਂ ਬਿਨਾਂ ਕਿਸੇ ਸੰਕੋਚ, ਗਲਵਕੜੀ ਵਿਚ ਲੈ ਕੇ, ਉਮਾਹ ਵਿਚ ਆਖਿਆ ਸੀ, "ਰੰਘਰੇਟੇ ਗੁਰੂ ਕੇ ਬੇਟੇ।"

ਉਨ੍ਹਾਂ ਨੇ ਪਰਜਾ ਤੰਤਰ ਖਿਆਲ ਦੀ ਸਿਖਰ ਉਦੋਂ ਪੇਸ਼ ਕੀਤੀ ਜਦੋਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਉਪਰੰਤ ਆਪ ਉਨ੍ਹਾਂ ਤੋਂ ਅੰਮ੍ਰਿਤ ਦੀ ਮੰਗ ਕੀਤੀ। ਗੁਰੂ ਸਾਹਿਬ ਨੇ ਜੋ ਉਚਾ ਰੁਤਬਾ ਆਪਣੇ ਸਿੱਖਾਂ ਨੂੰ ਬਖਸ਼ਿਆ, ਉਹ ਅਜੇ ਤਕ ਕਿਸੇ ਹੋਰ ਧਾਰਮਿਕ ਆਗੂ ਨੇ ਆਪਣੇ ਅਨੁਆਈਆਂ ਨੂੰ ਨਹੀਂ ਦਿੱਤਾ। ਆਪ ਜਨਤਾ ਨੂੰ ਹੀ ਉਸਾਰੂ ਬਿਰਤੀਆਂ (Creative Faculties) ਦਾ ਸੋਮਾ ਸਮਝਦੇ ਸਨ ਅਤੇ ਆਪਣੇ ਆਪ ਨੂੰ ਜਨਤਾ (Mases) ਦੀ ਹੀ ਦੇਣ ਮੰਨਦੇ ਹਨ।

ਗੁਰੂ ਸਾਹਿਬ ਸੰਗਠਤ ਜੀਵਨ ਦੇ ਹੱਕ ਵਿਚ ਸਨ। ਉਹਨਾਂ ਨੇ ਸ਼ਖਸੀ ਗੁਰਿਆਈ ਦੀ ਪ੍ਰਥਾ ਨੂੰ ਸਮਾਪਤ ਕਰਕੇ 'ਸੰਗਤ' ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਗੁਰੂ' ਦਾ ਦਰਜਾ ਦਿੱਤਾ। ਉਹਨਾਂ ਨੇ ਫੁਰਮਾਇਆ, ਜਿਥੇ ਪੰਜ ਸਿੰਘ ਇਕੱਠੇ ਹੋ ਕੇ ਅਰਦਾਸ ਕਰਨਗੇ, ਗੁਰੂ ਦਾ ਨਿਵਾਸ ਉਥੇ ਹੋਵੇਗਾ ਤੇ ਉਹਨਾਂ ਸਿੰਘਾਂ ਦਾ ਫੈਸਲਾ ਗੁਰੂ ਕਾ ਫੈਸਲਾ ਸਮਝਿਆ ਜਾਵੇਗਾ। ਇਸੇ ਫੁਰਮਾਨ ਤੇ ਆਧਾਰਤ ਗੁਰਮਤਾ ਸੰਸਥਾ ਦਾ ਵਿ ਕਾਸ ਹੋਇਆ, ਜੋ ਅੱਜ ਤਕ ਚਾਲੂ ਹੈ।

ਗੁਰੂ ਸਾਹਿਬ ਇਕ ਮਹਾਨ ਕੌਮੀ ਉਸਰੀਏ (Builder Par Excellence) ਸਨ। ਗੁਰੂ ਨਾਨਕ ਦੇਵ ਜੀ ਦੇਸ਼ ਦੇ ਭਿੰਨ ਭਿੰਨ ਫਿਰਕਿਆਂ ਨੂੰ ਇਕਮੁਠ ਕਰਕੇ ਇਕ ਕੌਮ ਬਣਾਉਣਾ ਚਾਹੁੰਦੇ ਸਨ। ਦੂਸਰੇ ਗੁਰੂ ਸਾਹਿਬਾਨ ਨੇ ਉਹਨਾਂ ਦੇ ਮਨੋਰਥਾਂ ਨੂੰ ਅਮਲੀ ਜਾਮਾ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ, ਪਰ ਕੌਮੀ ਉਸਾਰੀ ਦਾ ਵਧੇਰੇ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਉਹ ਇਕ ਚਿੰਤਕ ਸਨ। ਗੁਰੂ ਸਾਹਿਬ ਨੇ ਕੌਮ ਦੇ ਸਾਹਮਣੇ ਬਹੁਤ ਉਚਾ ਟੀਚਾ, ਭਾਵ ਸਰਬੱਤ ਦਾ ਭਲਾ, ਦੁਸ਼ਟਾਂ ਨੂੰ ਸੋਧਨਾ ਤੇ ਸੰਤਾਂ ਨੂੰ ਉਭਾਰਨਾ ਰੱਖਿਆ।

ਗੁਰੂ ਸਾਹਿਬ ਨੇ ਜਿਤਨਾ ਵੀ ਸਾਹਿਤ ਰਚਿਆ ਜਾਂ ਰਚਵਾਇਆ ਉਹ ਸਮੁੱਚਾ ਹੀ ਚੜ੍ਹਦੀ ਕਲਾ ਵਾਲਾ ਸੀ।

ਗੁਰੂ ਸਾਹਿਬ ਅਸਲੀ ਅਰਥਾਂ ਵਿਚ ਇਕ ਨੀਤੀ ਵੇਤਾ ਸਨ। ਉਹਨਾਂ ਤੋਂ ਪਹਿਲਾਂ ਹੋਏ ਸਾਰੇ ਧਾਰਮਿਕ ਨੇਤਾਵਾਂ ਨੇ ਆਪਣੇ ਆਪਣੇ ਧਰਮ ਚਲਾਏ। ਨਤੀਜਾ ਇਹ ਹੋਇਆ ਕਿ ਲੋਕ ਅਕਾਲ ਪੁਰਖ ਨੂੰ ਭੁੱਲ ਹੀ ਗਏ। ਧਰਮਾਂ ਦੀ ਥਾਂ ਭੇਖਾਂ ਤੇ ਪਾਖੰਡਾਂ ਨੇ ਮੱਲ ਲਈ। ਗੁਰੂ ਸਾਹਿਬ ਦਾ ਉਦੇਸ਼ ਇਕ ਈਸ਼ਵਰ ਵਿਚ ਵਿਸ਼ਵਾਸ ਰੱਖਣਾ ਤੇ ਲੋਕਾਂ ਨਾਲ ਪਿਆਰ ਕਰਨਾ ਸੀ। ਗੁਰੂ ਸਾਹਿਬ ਨੇ ਸ਼ਖਸੀ ਬੁਰਿਆਈਆਂ ਖਤਮ ਕਰਨ ਲਈ ਆਪਣੇ ਤੋਂ ਪਿਛੋਂ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਬਖਸ਼ ਦਿੱਤੀ ਤੇ ਦੇਹਧਾਰੀ ਗੁਰੂ ਪ੍ਰਣਾਲੀ ਦਾ ਖਾਤਮਾ ਕਰਕੇ 'ਸ਼ਬਦ-ਗੁਰੂ' ਦੀ ਰੀਤ ਚਲਾਈ। ਉਹਨਾਂ ਨੇ 'ਪੰਥ' ਦੇ ਹਰ ਮੈਂਬਰ ਨੂੰ ਜ਼ਿਮੇਂਵਾਰੀ ਸੌਂਪ ਦਿੱਤੀ ਤੇ ਕੌਮ ਦਾ ਅੰਗ ਹੋਣ ਦਾ ਮਾਣ ਬਖਸ਼ਿਆ। ਇਸ ਪੱਖੋਂ ਆਪ ਮਹਾਨ ਨੀਤੀਵੇਤਾ ਸਿਧ ਹੁੰਦੇ ਹਨ।

ਗੁਰੂ ਸਾਹਿਬ ਦਾ ਜੰਗ ਲੜਨ ਦਾ ਮਨੋਰਥ ਕੋਈ ਰਾਜ ਹਥਿਆਣਾ ਜਾਂ ਕੋਈ ਸੱਤਾ ਪ੍ਰਾਪਤ ਕਰਨਾ ਨਹੀਂ ਸੀ, ਸਗੋਂ ਜੀਵਨ ਨੂੰ ਸਹੀ ਅਰਥਾਂ ਵਿਚ ਆਜ਼ਾਦ ਬਨਾਉਣਾ ਸੀ। ਦੁਨਿਆਵੀ ਤੌਰ ਤੇ ਭਾਵੇਂ ਉਹਨਾਂ ਆਪਣਾ ਪਰਵਾਰ, ਸਿਖ ਅਤੇ ਸੁਖ ਵਾਰ ਦਿੱਤਾ ਤੇ ਬੇਘਰ ਹੋ ਕੇ ਵੀ ਫਿਰਨਾ ਪਿਆ, ਪਰ ਜਿਸ ਢੰਗ ਨਾਲ ਉਹਨਾਂ ਆਪਣਾ ਫਰਜ਼ ਨਿਭਾਇਆ ਉਹ ਨਿਸਚੇ ਹੀ ਉਹਨਾਂ ਦੀ ਜਿੱਤ ਦਾ ਪ੍ਰਤੀਕ ਸੀ।

ਸੋਚਦਾਂ ਆਰੰਭ ਕੀ ਹੈ ?
ਸੋਚਦਾਂ ਆਰੰਭ ਹੈ ਵੀ ?
ਇਕ ਸੁਪਨ, ਇਕ ਕਲਪਨਾ ਇਕ ਘਾਲਣਾ
ਇਹ ਅਡੰਬਰ, ਇਹ ਉਡਾਰੀ

Christmas & New Year Greetings

SERVING YOU SINCE 1980

MANN MUSIC VIDEO & PHOTO STUDIO

6512 MAIN ST., VANCOUVER, B.C.

PH. (604) 321-6667




ਸੰਗੀਤ ਦੇ ਸਾਜ਼ਾਂ ਦੀ

ਨਵੀਂ ਸ਼ਿਪਮਿੰਟ ਪਹੁੰਚ ਗਈ

ਸਿਤਾਰ, ਕਾਂਗੋ ਸੈਟ, ਭੰਗੜੇ ਲਈ ਢੋਲ, ਡਫ਼ਲੀ, ਢੋਲਕ ਹੁਣ ਹੀ ਪੁਜੀਆਂ ਹਨ —

ਵਧੀਆ ਹਰਮੋਨੀਅਮ, ਤਬਲੇ ਤੇ ਹੋਰ ਲੋੜ ਦੀਆਂ ਚੀਜ਼ਾਂ





ਚੰਗੀ ਕੁਆਲਿਟੀ ਦੇ ਹਰਮੋਨੀਅਮ, ਢੋਲਕ, ਮਿਰੰਡਗਮਜ਼, ਤੂੰਬੇ, ਤਬਲੇ, ਚਿਮਟੇ, ਖੜਤਾਲਾਂ, ਗੁਟਕੇ, ਪੰਜਾਬੀ - ਅੰਗਰੇਜ਼ੀ ਡਿਕਸ਼ਨਰੀਆਂ, ਕੜੇ, ਕਿਰਪਾਨਾਂ ਤੇ ਕੰਘੇ

ਨੋਟ — ਨਵੀਂ ਸ਼ਿਪਮਿੰਟ ਵਿਚ ਦੂਹਰੇ ਤੇ ਇਕਹਿਰੇ ਟੋਨ ਵਾਲੇ ਹਰਮੋਨੀਅਮ, ਸੇਹਰੇ, ਕਲਗੀਆਂ ਜੋ ਵਿਆਂਹਦੜਾਂ ਲਈ ਹਨ

MW770



We Convert PAL [*India, Fiji, England*]
System Video Movies To
NTSC [*Canadian System*]
Same Day Service
In Store Digital Computerise System

- For conversion of videos from India, England, Fiji, Africa to the Canadian system, come to Mann Music.
- You can also send your movie by mail
- To video film weddings, birthdays, phone Gurpal Mann.

ਨਵੀਆਂ ਮੂਵੀਆਂ —
ਯਾਰੀ ਜੱਟ ਦੀ — ਪੰਜਾਬੀ
ਗੁੱਡੋ — ਪੰਜਾਬੀ
ਇਨਸਾਫ਼ ਕੀ ਪੁਕਾਰ (ਛੇਤੀ ਹੀ)




Host & Producer: Gurpal Mann [604]321-6667

5 ਮਿੰਟ ਵਿਚ ਪਾਸਪੋਰਟ, ਵੀਜ਼ਾ ਤੇ ਸਿਟੀਜ਼ਨ ਲਈ ਫੋਟੋ

Dual Voltage Tape Recorders Large Variety
Just Arrived
Prices from 75.00 and up

For more information listen to your favourite Hindi & Punjabi Radio Programme every Saturday 5 P.M. to 7:30 P.M. on C.J.V.B. 1470 AM Radio and [103 F.M. on Cable only]



ਧਰਮ ਤੇ ਫਲਸਫਾ

ਸਿੱਖ ਅਤੇ ਮਾਸ

ਕਿਸ਼ਤ ਦੂਜੀ

ਮੇਹਰ ਸਿੰਘ ਸੰਧੂ, ਵੈਨਕੂਵਰ

ਕਈ ਭੁਲੜ ਭਰਾ ਮਾਸ ਖਾਣ ਵਾਲਿਆਂ ਨੂੰ 'ਰਾਖਸ਼' ਆਦਿਕ ਆਖ ਦੇਂਦੇ ਹਨ ਸੋ ਉਨ੍ਹਾਂ ਦੀ ਇਹ ਭਾਰੀ ਗਲਤੀ ਹੈ। ਕਿਉਂਕਿ ਬਿਨਾਂ ਪਰਖਣ ਦੇ ਕਿਸੇ ਨੂੰ ਕੋਈ 'ਫਤਵਾ' ਲਾਉਣਾ ਖਾਹਮਖਾਹ ਹੀ ਨਿੰਦਕਾਂ ਦੀ ਗਿਣਤੀ ਵਿਚ ਗਿਣੇ ਜਾਣਾ ਹੈ ਉਂਝ ਮੁਕਾਬਲਾ ਕਰਨ ਤੋਂ ਪਤਾ ਲਗਦਾ ਹੈ ਕਿ ਕਈਆਂ 'ਮਾਸ' ਖਾਣ ਵਾਲਿਆਂ ਅੰਦਰ 'ਨਾਮ ਗਿਆਨ' ਨਿਰਮਾਣਤਾ ਜੀਵ ਮਾਤਰ ਦਾ ਭਲਾ ਚਾਹੁਣਾ 'ਸੱਚ ਬੋਲਣਾ' ਅਤੇ ਇਨਸਾਫ ਕਰਨਾ ਆਦਿਕ ਦੇਵੀ ਗੁਣ ਮੌਜੂਦ ਹਨ ਪ੍ਰੰਤੂ ਦੂਜੇ ਪਾਸੇ 'ਮਾਸ' ਨਾ ਖਾਣ ਵਾਲੇ ਜਿਨ੍ਹਾਂ ਦਾ ਹੁਲੀਆ ਲੰਮੇ ਲੰਮੇ ਟਿੱਕੇ ਜਨੇਊ, ਉਨ ਦੀਆਂ ਮਾਲਾਂ ਪਾਉਣ ਅਤੇ ਰੋਜ਼ ਪਾਠ ਕਰਨ ਵਾਲੇ ਅਥਵਾ ਰਾਤ ਦਿਨ ਡੱਡੂ ਦੀ ਤਰ੍ਹਾਂ ਪਾਣੀ ਵਿਚ ਡੁਬਕੀਆਂ ਲਗਾਉਣ ਵਾਲਿਆਂ ਬਹੁਤਿਆਂ ਅੰਦਰ 'ਮਣਾਂ ਮੂੰਹੀ ਕਰੋਧ' ਈਰਖਾ ਦ੍ਵੈਖ ਅਤੇ 'ਹੂੜ ਮਾਰੀ' ਆਦਿਕ ਡੇਰੇ, ਘਰ ਕਰੀ ਬੈਠੇ ਹਨ।

ਮਿਸਾਲ ਦੇ ਤੌਰ ਤੇ ਅੰਗਰੇਜ਼ ਆਮ ਕਰਕੇ 'ਮਾਸ' ਖਾਂਦੇ ਹਨ ਪਰ ਉਹ ਜ਼ਬਾਨ ਦੇ ਪੱਕੇ ਅਤੇ ਵਿਹਾਰ ਦੇ ਸੱਚੇ ਹਨ ਭਾਵ ਉਹ ਸਗੋਂ ਧੋਖਾ ਫਰੇਬ ਅਤੇ ਬਲੈਕ ਕਰਨ ਨੂੰ ਜਾਣਦੇ ਹੀ ਨਹੀਂ। ਹਰ ਇਕ ਚੀਜ਼ ਦਾ ਮੁਲ ਇਕ ਕਰਦੇ ਹਨ। ਸਾਡੇ 'ਵੈਸ਼ਨਵ' ਭਰਾਵਾਂ ਦੀ ਤਰ੍ਹਾਂ ਅਠਾਰਾਂ ਆਨੇ ਆਖ ਕੇ ਪੰਜ ਆਨੇ ਨਹੀਂ ਲੈਂਦੇ।

ਸਜਣ ਜੀ ਆਓ ਹੁਣ ਰਾਖਸ਼ ਤੇ ਦੇਵਤੇ ਦਾ ਫੈਸਲਾ ਕਰੀਏ। ਜੇਕਰ 'ਮਾਸ' ਖਾਣ ਕਰਕੇ ਹੀ ਕੋਈ ਰਾਕਸ਼ ਕਿਹਾ ਜਾ ਸਕਦਾ ਹੈ ਤਾਂ ਲੰਕਾ ਦਾ ਰਾਜਾ ਰਾਵਣ ਜਾਤ ਦਾ ਬ੍ਰਾਹਮਣ, ਚਾਰ ਵੇਦ ਦਾ ਵਕਤਾ ਸੀ ਮਾਸ ਨਹੀਂ ਸੀ ਖਾਂਦਾ ਲੋਗ ਉਸ ਨੂੰ ਰਾਕਸ਼ ਕਹਿੰਦੇ ਹਨ ਇਸਦਾ ਉਹੀ ਜਵਾਬ ਕਿ ਬੁਰੇ ਕਰਮ ਕਰਨ ਵਾਲਿਆਂ ਨੂੰ ਹੀ ਦੁਨੀਆਂ ਵਲੋਂ ਰਾਖਸ਼ ਦਾ ਖਿਤਾਬ ਮਿਲਦਾ ਹੈ ਹੋਰ ਰਾਖਸ਼ਾਂ ਦੇ ਸਿਰਾਂ ਤੇ ਕੋਈ ਸਿੰਙ ਹੁੰਦੇ ਹਨ?

ਗਰਜ਼ ਦੇ ਕੋਈ ਹੁਣ ਭੀ ਕਿਸੇ 'ਮਾਸ' ਖਾਣੇ ਵਾਲੇ ਨੂੰ ਰਾਖਸ਼ ਆਖੇ ਤਾਂ ਉਸ ਜੇਹਾ ਭੀ ਦੁਨੀਆਂ ਵਿਚ ਕੋਈ ਮੂਰਖ ਹੋ ਸਕਦਾ ਹੈ?

ਸਾਹਿਬ ਗੁਰੂ ਨਾਨਕ ਜੀ ਸੰਗਤਾਂ ਨੂੰ ਤਾਰਦੇ ਤਾਰਦੇ ਜਦੋਂ ਕੁਰਸ਼ੇਤਰ, ਗ੍ਰਹਿਣ ਦੇ ਮੇਲੇ ਤੇ ਪੁਜੇ ਤਾਂ ਆਪ ਨੇ 'ਮਾਸ' ਨਾ ਖਾਣ ਦੇ 'ਘੁਮੰਡ' ਅਤੇ ਵਹਿਮ ਨੂੰ ਦੂਰ ਕਰਨ ਲਈ ਲੰਗਰ ਵਿਚ ਹਿਰਨ ਦੇ ਮਾਸ ਦੀ ਦੇਗ ਚੜਵਾ ਦਿੱਤੀ ਜਦੋਂ ਪਾਂਡੇ ਤੇ ਹੋਰ ਲੋਗ ਆ ਇਕੱਠੇ ਹੋਏ ਤਾਂ ਸਾਹਿਬਾਂ ਨੇ ਆਪਣਾ ਭਾਸ਼ਨ ਸ਼ੁਰੂ ਕਰ ਦਿੱਤਾ ਜੈਸੇ ———

ਪਹਿਲਾਂ ਮਾਸਹੁ ਨਿੰਮਿਆ, ਮਾਸੈ ਅੰਦਰਿ ਵਾਸੁ ॥
ਜੀ ਉਪਾਏ ਮਾਸ ਮਹਿ ਮਿਲਿਆ, ਹਡੁ ਚਮੁ ਤਨੁ ਮਾਸ ॥
ਮਾਸੁ ਬਾਹਰਿ ਕਢਿਆ, ਮੰਮਾ ਮਾਸ ਗਿਰਾਸ ॥
ਮੁਹੁ ਮਾਸੈ ਕਾ ਜੀਭ ਮਾਸੈ ਕੀ, ਮਾਸੈ ਅੰਦਰ ਸਾਸੁ ॥
ਵੱਡਾ ਹੋਆ ਵੀਆਹਿਆ, ਘਰਿ ਲੈ ਆਇਆ ਮਾਸੁ ॥
ਮਾਸਹੁ ਹੀ ਮਾਸ ਉਪਜੈ, ਮਾਸਹੁ ਸਭੋ ਸਾਕੁ ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ, ਤਾਂ ਕੋ ਆਵੈ ਰਾਸਿ ॥
ਆਪਿ ਛੁਟੇ ਨਹ ਛੁਟੀਐ, ਨਾਨਕ ਬਚਨਿ ਵਿਣਾਸੁ ॥

(ਗੁਰੂ ਗ੍ਰੰਥ ਪੰਨਾ 1289)

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ।
ਕਉਣੁ ਮਾਸੁ ਕਉਣੁ ਸਾਗ ਕਹਾਵੈ ਕਿਸੁ ਮਹਿ ਪਾਪ ਸਮਾਣੇ ॥
ਮਾਸੁ ਛੋਡਿ ਬੈਸਿ ਨਕੁ ਪਕੜਹਿ, ਰਾਤੀ ਮਾਣਸ ਖਾਵੈ ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ, ਗਿਆਨੁ ਧਿਆਨ ਨਹੀਂ ਸੂਝੈ ॥
ਨਾਨਕ ਅੰਧੇ ਸਿਉਕਿਆ ਕਹੀਐ, ਕਹੈ ਨ ਕਹਿਆ ਬੂਝੈ ॥
ਅੰਧਾ ਸੋਇ ਜਿ ਅੰਧੁ ਕਮਾਵੈ, ਤਿਸੁ ਰਿਦੈ ਸਿਲੋਚਨ ਨਾਹੀ
ਮਾਤ ਪਿਤਾ ਕੀ ਰਕਤੁ ਨਿਪੰਨੇ, ਮਛੀ ਮਾਸੁ ਨ ਖਾਹੀ ॥
ਇਸਤਰੀ ਪੁਰਖੈ ਜਾਂ ਨਿਸਿ ਮੇਲਾ, ਓਥੈ ਮੰਧੁ ਕਮਾਹੀ ॥
ਮਾਸਹੁ ਨਿੰਮੇ ਮਾਸਹੁ ਜੰਮੇ, ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ, ਚਤੁਰੁ ਕਹਾਵੈ ਪਾਂਡੇ ॥
ਬਾਹਰ ਕਾ ਮਾਸੁ ਮੰਦਾ ਸੁਆਮੀ, ਘਰ ਕਾ 'ਮਾਸੁ ਚੰਗੇਰਾ' ॥
ਜੀਅ ਜੰਤ ਸਭਿ 'ਮਾਸਹੁ ਹੋਇ', ਜੀਇ ਲਇਆ ਵਾਸੇਰਾ ॥
ਅਭਖੁ ਭਖਹਿ ਭਖੁ ਤਜਿ ਛੋਡਹਿ, ਅੰਧ ਗੁਰੂ ਜਿਨ ਕੇਰਾ ॥
ਮਾਸਹੁ ਨਿੰਮੇ ਮਾਸਹੁ ਜੰਮੇ, ਹਮ ਮਾਸੈ ਕੇ ਭਾਂਡੇ ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀਂ, 'ਚਤੁਰੁ ਕਹਾਵੈ' ਪਾਂਡੇ ॥
ਮਾਸ ਪੁਰਾਣੀ ਮਾਸੁ ਕਤੇਬੀਂ, ਚਹੁ ਜੁਗਿ ਮਾਸੁ ਕਮਾਣਾ ॥
ਜੀਜ ਕਾਜਿ ਵੀਆਹਿ ਸੁਹਾਵੈ, ਓਥੈ ਮਾਸੁ ਸਮਾਣਾ ॥
ਇਸਤਰੀ ਪੁਰਖ ਨਿਪਜਹਿ ਮਾਸਹੁ, ਪਾਤਿਸ਼ਾਹ ਸੁਲਤਾਨਾਂ ॥
ਜੇ ਓਇ ਦਿਸਹਿ 'ਨਰੀਕ ਜਾਂਦੇ' ਤਾਂ ਉਨ ਕਾ ਦਾਨੁ ਨ ਲੈਣਾ ॥
ਦੇਂਦਾ ਨਰਕਿ ਸੁਰਗਿ ਲੈ ਦੇ ਦੇਖਹੁ ਏਹ ਧਿਙਾਣਾ ॥
ਆਪਿ ਨ ਬੂਝੈ ਲੋਕ ਬੁਝਾਏ, ਪਾਂਡੇ ਖਰਾ ਸਿਆਣਾ ॥
ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸ ਉਪੰਨਾ ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥
ਤੋਆ ਆਖੈ ਹਉ ਬਹੁਬਿਧਿ ਹਛਾ ਤੋਐ ਬਹੁਤ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸਨਿਆਸੀ ਨਾਨਕੇ ਕਹੈ ਵਿਚਾਰਾ ॥ (2)

(ਗੁਰੂ ਗ੍ਰੰਥ ਪੰਨਾ 1289)

ਸੋ ਸੱਜਣ ਜੀ! ਉਪਰ ਲਿਖੇ ਸਾਰੇ ਮਜ਼ਮੂਨ ਅਤੇ ਗੁਰੂ ਸਾਹਿਬ ਦੇ ਆਖਰੀ ਭਾਸ਼ਨ ਨੂੰ ਪੜ੍ਹ ਸੁਣ ਕੇ ਜਿਸ ਦੇ ਪਾਸ ਥੋੜੀ ਬਹੁਤ ਭੀ ਵਿਚਾਰ ਸ਼ਕਤੀ ਬਾਕੀ ਹੈ ਉਹ ਪੁਰਸ਼ ਇਸ ਨਤੀਜੇ ਤੇ ਪੁੱਜ ਸਕਦਾ ਹੈ ਕਿ ਮਾਸ ਖਾਣ ਜਾਂ ਨਾ ਖਾਣ ਦਾ 'ਝਗੜਾ' ਕਰਨਾ ਹੀ ਮੂਰਖ ਪੁਣਾ ਹੈ, ਕਿਉਂਕਿ ਕੁਦਰਤ ਨੇ ਅਨਾਜ, ਮੇਵੇ, ਸਬਜ਼ੀ ਭਾਜੀ, ਬੱਕਰੇ ਅਤੇ ਮੱਛੀ ਆਦਿਕ ਮਨੁੱਖ ਦੇ ਖਾਣ ਵਾਸਤੇ ਹੀ ਬਣਾਏ ਹਨ ਇਨ੍ਹਾਂ ਦੇ ਖਾਣ ਦਾ ਕੋਈ 'ਦੂਸ਼ਨ' ਨਹੀਂ। ਕਿਉਂਕਿ ਜੇ ਬੱਕਰੇ ਮੱਛੀ ਵਿਚ ਜਾਨ ਹੈ ਸਬਜ਼ੀ ਭਾਜੀ ਵਿਚ ਭੀ ਜਾਨ ਹੈ ਅਤੇ ਇਹ ਨਿਰਾ ਜ਼ਬਾਨੀ ਕਹਿਣਾ ਹੀ ਨਹੀਂ ਸਗੋਂ ਬਾਣੀ ਗੁਰੂ ਜੀ ਦਾ ਫੈਸਲਾ ਹੈ। ਜੈਸੇ ———

ਜੇਤੇ ਦਾਣੇ ਅੰਨਕੇ ਜੀਆਂ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

(ਵਾਰ ਆਸਾ ਮ: 1)

ਆਓ ਹੁਣ ਸ: ਰਘਬੀਰ ਸਿੰਘ ਜੀ ਕਰਤਾ 'ਬੰਦਗੀ ਨਾਮਾ' ਦੇ ਖਿਆਲ ਭੀ ਸਰਵਣ ਕਰੀਏ। ਆਪ ਲਿਖਦੇ ਹਨ ਕਿ ਮਾਸ ਨੂੰ ਆਮ ਤੌਰ ਤੇ ਜੀਵ ਹੱਤਿਆ ਦੇ ਖਿਆਲ ਨਾਲ ਹੀ ਨਹੀਂ ਖਾਧਾ ਜਾਂਦਾ ਪ੍ਰੰਤੂ 'ਸਰ ਜਗਦੀਸ਼ ਚੰਦਰ ਬੋਸ' ਹਿੰਦੁਸਤਾਨ ਦੇ ਪ੍ਰਸਿੱਧ ਸਾਇੰਸਦਾਨ ਨੇ ਵਿਗਿਆਨਕ

⟶

ਸਾਮਰਾ ਬ੍ਰਦਰਜ਼ ਵਲੋਂ


ਸਾਰਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਵਤਾਰ ਦਿਵਸ ਦੀ ਲੱਖ ਲੱਖ ਵਧਾਈ ਹੋਵੇ !

Merry Christmas & Happy New Year!

SR SAMRA BROS. ROOFING & INSULATION LTD.

4420-60B ST., DELTA, B.C. V4K 3K8

"IF IT'S ROOFING, WE DO IT!"



RESIDENTIAL - COMMERCIAL
INDUSTRIAL - APARTMENTS


NEW OR RE-ROOFING


SHAKES • SHINGLES
DUROID • 1 OR 2 PLY SYSTEM

SPECIALISTS IN SHAKE RE-ROOFING

SENIORS DISCOUNT

WE WILL MEET OR BEAT ANY COMPETITIVE BID FOR ROOFING





FOR FREE ESTIMATES CALL :

AVTAR SAMRA

273-4473

OR **946-4333** OR **261-2263**

→

ਤਰੀਕਿਆਂ ਨਾਲ ਸਿਧ ਕਰ ਦਿੱਤਾ ਹੈ ਕਿ 'ਦਰਖਤਾਂ' ਤੇ ਪੌਦਿਆਂ, ਸਬਜ਼ੀਆਂ ਤੇ ਫਲਾਂ ਵਿਚ ਨਾਂ ਕੇਵਲ ਜੀਵਾਂ ਵਾਂਗਰ ਹੀ ਜਾਨ ਹੈ ਸਗੋਂ ਉਨ੍ਹਾਂ ਵਿਚ ਦੁਖ ਸੁਖ ਮਹਿਸੂਸ ਕਰਨ ਦੀ ਸ਼ਕਤੀ ਭੀ ਬਾਕੀ ਜੀਵਾਂ ਦੀ ਤਰ੍ਹਾਂ ਹੀ ਮੌਜੂਦ ਹੈ ਤਾਂ ਤੇ ਸਬਜ਼ੀਆਂ ਆਦਿਕ ਵਿਚ ਜੀਵਨ ਅਤੇ ਮਹਿਸੂਸ ਸ਼ਕਤੀ ਸਿੱਧ ਕਰਨ ਨਾਲ ਜੀਵ ਹੱਤਿਆ ਦੇ ਵਹਿਮ ਨੂੰ ਬੜੀ ਕਮਜ਼ੋਰੀ ਪੁਜੀ ਹੈ ਭਾਵ ਜਦੋਂ ਇਨਸਾਨ ਸੁਾਸ ਲੈਂਦਾ ਖਾਂਦਾ ਤੁਰਦਾ, ਜਾਗਦਾ ਸੌਂਦਾ ਜੀਵ ਹਤਿਆ ਤੋਂ ਬਚ ਹੀ ਨਹੀਂ ਸਕਦਾ ਤਾਂ ਉਸ ਦਾ ਜੀਵ ਹਤਿਆ ਦੇ ਖਿਆਲ ਨਾਲ ਮਾਸ ਖਾਣਾ ਜਾਂ ਨਾ ਖਾਣਾ ਕੀ ਮਾਨ੍ਹੇ ਰੱਖਦਾ ਹੈ ?

ਗੁਰੂ ਸਾਹਿਬਾਂ ਨੇ ਦੁਨੀਆਂ ਦੇ ਹਰ ਇਕ ਡਿੰਭ ਦਿਖਾਵੇ ਅਤੇ ਫੋਕਟ ਧਰਮਾਂ ਦੇ ਸੁਧਾਰਨ ਦਾ ਬੜਾ ਯਤਨ ਕੀਤਾ ਹੈ ਪ੍ਰੰਤੂ ਫਿਰ ਭੀ ਕਲਜੁਗੀ ਬੰਦਿਆਂ ਨੇ 'ਹਠ ਧਰਮ' ਅਥਵਾ ਆਪਣੀ ਪਕ ਚੁਕੀ ਆਦਤ ਨੂੰ ਨਹੀਂ ਛੱਡਿਆ, ਸਗੋਂ ਉਹ ਉਸੇ ਤਰ੍ਹਾਂ ਲਕੀਰ ਦੇ ਫਕੀਰ ਹੀ ਬਣੇ ਆ ਰਹੇ ਹਨ। ਹੁਣ ਬਾਣੀ ਗੁਰੂ ਜੀ ਸਾਨੂੰ ਸੱਚ ਮੁਚ ਦੇ 'ਵੈਸ਼ਨਵ' ਬਨਣ ਦਾ ਸਬਕ ਦੇਂਦੇ ਹਨ। ਜੈਸੇ —

ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਤਾ ॥
ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ 'ਬੈਸਨੋ' ਪ੍ਰਭ ਪੇਖਿ ਹਜੂਰਿ ॥
ਐਸੋ ਤਿਆਗੀ ਵਿਰਲਾ ਹੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥
(ਭੈਰਉ ਮ: 5)

ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰ ਬ੍ਰਹਮ ਬਿਨੁ ਜਾਨੁ ਨ ਦੂਜਾ ॥
ਤਾਕੀ ਪੂਰਨ ਹੋਈ ਘਾਲ ॥ ਜਾਕੀ ਪ੍ਰੀਤ ਅਪੁਨੇ ਪ੍ਰਭ ਨਾਲਿ ॥
ਸੋ 'ਬੈਸਨੋ' ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜ 'ਵਿਕਾਰੁ' ॥
(ਗਉੜੀ ਮ: 5)

'ਬੈਸਨੋ' ਸੋ ਜਿਸ ਊਪਰਿ ਸੁ ਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥
ਕਰਮ ਕਰਤ ਹੋਵੈ ਨਿਹ ਕਰਮ ॥ ਤਿਸੁ 'ਬੈਸਨੋ' ਕਾ ਨਿਰਮਲ ਧਰਮ ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹ 'ਬੈਸਨੋ' ਧਰਮ ਗਤਿ ਪਾਵੈ ॥
(ਸੁਖਮਨੀ ਮ: 5)

ਕੋਈ ਗਾਵੈ ਕੋ ਸੁਣੈ, ਕੋਈ ਕਰੈ ਬੀਚਾਰ ॥
ਕੋ ਉਪਦੇਸੈ ਕੋ ਦ੍ਰਿੜੈ, ਤਿਸ ਕਾ ਹੋਇ ਉਧਾਰੁ ॥
ਕਿਲ ਬਿਖ ਕਾਟ ਹੋਇ ਨਿਰਮਲਾ, ਜਨਮ ਜਨਮ ਮਲੁ ਜਾਇ ॥
ਹਲਤਿ ਪਲਤਿ ਮੁਖੁ ਊਜਲਾ, ਨਹ ਪੋਹੈ ਤਿਸੁ ਮਾਇ ॥
ਸੋ ਸੁਰਤਾ ਸੋ 'ਬੈਸਨੋ' ਸੋ ਗਿਆਨੀ ਧਨਵੰਤੁ ॥
ਸੋ ਸੂਰਾ ਕੁਲਵੰਤੁ ਸੋਇ, ਜਿਨਿ ਭਜਿਆ ਭਗਵੰਤ ॥
ਖਤ੍ਰੀ ਬ੍ਰਹਮਣ ਸੂਦ ਵੈਸੁ ਉਧਰੈ ਸਿਮਰਿ ਚੰਡਾਲ ॥
ਜਿਨਿ ਜਾਨਿਓ ਪ੍ਰਭੁ ਆਪਨਾ, ਨਾਨਕ ਤਿਸਹਿ ਰਵਾਲ ॥
(ਗਉੜੀ ਮ: 5)

(ਚਲਦਾ)

ਅਸਲੀ ਤੇ ਵੱਡਾ ਅਕਾਲੀ ਦਲ

'ਬਾਈ ਮੰਜੀਆਂ 'ਚੋਂ ਲੱਭਣਾ, ਅਸੀਂ ਗੁਰੂ ਆਪਣਾ ...।' ਪ੍ਰੇਮ ਸਿੰਘ ਪੌੜੀਆਂ ਚੜ੍ਹਦਾ ਗੁਣਗੁਣਾਉਂਦਾ ਆ ਰਿਹਾ ਸੀ। 'ਬਾਈ ਮੰਜੀਆਂ 'ਚੋਂ ...।'

ਦੁੱਧ ਪਾਉਣ ਤੋਂ ਵਿਹਲਾ ਹੋਇਆ ਤਾਂ ਮੈਂ ਪੁੱਛਿਆ, 'ਪ੍ਰੇਮ ਸਿਹਾਂ, ਆਹ ਬਾਈ ਮੰਜੀਆਂ ਵਾਲਾ ਕਿੱਸਾ ਤਾਂ ਬੜਾ ਪੁਰਾਣਾ ਹੋ ਗਿਆ, ਪਰ ਤੈਨੂੰ ਅੱਜ ਕਿਵੇਂ ਯਾਦ ਆ ਗਿਆ ?'

'ਹੁਣ ਤੁਸੀਂ ਪੁੱਛ ਹੀ ਲਿਆ ਤਾਂ ਫੇਰ ਮੈਨੂੰ ਵੀ ਹੁਣ ਦੱਸਣਾ ਈ ਪਊ। ਬਾਊ ਜੀ, ਪਹਿਲਾਂ ਇਕ ਗੱਲ ਦੱਸੋ ?'

'ਪੁੱਛ, ਕੀ ਪੁੱਛਣਾ ਈ ?'

'ਕਦੀ ਮੇਲਿਆਂ ਵਿਚ ਕਿਤਾਬਾਂ, ਕਿੱਸਿਆਂ ਵਗੈਰਾ ਦੀਆਂ ਬੜੀਆਂ ਲੱਗੀਆਂ ਵੇਖੀਆਂ ਨੇ ?'

'ਹਾਂ, ਵੇਖੀਆਂ ਤੇ ਨੇ।'

'ਫੇਰ ਤੁਸੀਂ ਇਹ ਦੱਸਣਾ ਬਈ ਹੀਰਾਂ ਕਿੰਨੇ ਪ੍ਰਕਾਰ ਦੀਆਂ ਵਿਕਦੀਆਂ ਨੇ ?'

'ਹੀਰ ਤਾਂ ਹੀਰ ਈ ਏ, ਇਸ ਵਿਚ ਭਲਾ ਕਿੰਨੇ ਪ੍ਰਕਾਰ ਦੀਆਂ ਵਿਕਦੀਆਂ ਨੇ ?'

'ਬਸ ਇਹੋ ਹੀ ਤਾਂ ਗੱਲ ਏ ਜਿਸ ਬਾਰੇ ਤੁਹਾਨੂੰ ਪਤਾ ਨਹੀਂ। ਹੁਣ ਤੁਸੀਂ ਦੇਖੋ, ਇਕ ਹੀਰ ਹੋਈ ਵਾਰੇ ਸ਼ਾਹ ਦੀ, ਇਕ ਹੋਈ ਭਗਵਾਨ ਸਿੰਹੁ ਦੀ, ਇਕ ਹੀਰ ਹੋਈ ਕੀ ਨਾਂ ਲੈਂਦੇ ਨੇ ਦਮੋਦਰ ਦੀ ਤੇ ਇਹ ਹੋਰ ਵੀ ਹੀਰ ਏ ਸ਼ੈਤ ਹਾਸ਼ਮ ਦੀ, ਸ਼ੈਤ ਮੈਂ ਗਲਤ ਵੀ ਹੋਵਾਂ ਪਰ ਇਸ ਤੋਂ ਇਲਾਵਾ ਵੀ ਹੋਰ ਹੀਰਾਂ ਨੇ।'

'ਆਹ ਤਾਂ ਜਿਹੜੀਆਂ ਤੂੰ ਦੱਸੀਆਂ ਨੇ, ਇਨ੍ਹਾਂ ਦੀ ਤਾਂ ਮੈਨੂੰ ਸਮਝ ਆਉਂਦੀ ਏ ਪਰ ਹੋਰ ਕਿਹੜੀਆਂ ਨੇ ?'

'ਇਕ ਹੋਈ ਹੀਰ, ਫੇਰ ਹੋਈ ਅਸਲੀ ਹੀਰ, ਫੇਰ ਹੋਈ ਅਸਲੀ ਤੇ ਵੱਡੀ ਹੀਰ, ਫੇਰ ਹੋਈ ਹੀਰ ਤੇ ਉਸ ਦੇ ਭਰਾਵਾਂ ਦੇ ਵੇਰਵੇ ਵਾਲੀ ਹੀਰ, ਫੇਰ ਹੋਈ ਸੁੰਦਰ ਫੋਟੂਆਂ ਵਾਲੀ ਹੀਰ, ਫੇਰ ਹੋਈ...।'

'ਬਸ ਬਈ ਬਸ', ਮੈਂ ਵਿਚੋਂ ਟੋਕਿਆਂ, 'ਹੀਰਾਂ ਬਾਰੇ ਤਾਂ ਤੂੰ ਬੜੀ ਜਾਣਕਾਰੀ ਦੇ ਦਿੱਤੀ ਪਰ ਇਨ੍ਹਾਂ ਦਾ ਤੇਰੀਆਂ ਬਾਈ ਮੰਜੀਆਂ ਨਾਲ ਭਲਾ ਕੀ ਤੁਅਲਕ ਏ ?'

'ਹੈ, ਬਾਊ ਜੀ, ਹੈ।'

'ਉਹ ਕਿਵੇਂ ?'

'ਹੁਣ ਤਸੀਂ ਦੇਖੋ ਬਈ ਸਾਡੀ ਸਿੱਖਾਂ ਦੀ ਇਕੋ ਇਕ ਧਾਰਮਿਕ ਤੇ ਸਿਆਸੀ ਪਾਰਟੀ ਹੈ।'

'ਹਾਂ ਉਹ ਤਾਂ ਮੈਨੂੰ ਪਤਾ ਏ ਬਈ ਅਕਾਲੀ ਦਲ ਏ।'

'ਅੱਛਾ ਹੁਣ ਤੁਸੀਂ ਦੱਸੋ ਭਲਾ ਤੁਸੀਂ ਕਿਹੜੇ ਅਕਾਲੀ ਦਲ ਦੀ ਗੱਲ ਕਰਦੇ ਹੋ ?'

'ਪ੍ਰੇਮ ਸਿਹਾਂ ਅਕਾਲੀ ਦਲ ਤਾਂ ਅਕਾਲੀ ਦਲ ਈ ਏ ਤੇ ਹੋਰ ਭਲਾ ਕਿਹੜਾ ਅਕਾਲੀ ਦਲ ਹੋ ਸਕਦਾ ਏ ?'

'ਫੇਰ ਇਥੇ ਹੀ ਤਾਂ ਤੁਸੀਂ ਗਲਤੀ ਕਰਦੇ ਪਏ ਓ, ਹੁਣ ਤੁਸੀਂ ਦੇਖੋ ਬਈ ਹੀਰ ਤਾਂ ਹੀਰ ਹੀਰ ਈ ਏ ਪਰ ਇਸ ਦੀਆਂ ਅਗਾਂਹ ਕਿਸਮਾਂ ਕਿੰਨੀਆਂ ਨੇ।'

'ਮੈਂ ਤੇਰੀ ਗੱਲ ਨਹੀਂ ਸਮਝਿਆ ਪ੍ਰੇਮ ਸਿਹਾਂ।'

'ਬਾਊ ਜੀ, ਤੁਸੀਂ ਵੀ ਭੋਲੇ ਪਾਤਸ਼ਾਹ ਜੇ। ਤੁਸੀਂ ਕਹਿੰਦੇ ਹੋ ਅਕਾਲੀ ਦਲ ਤਾਂ ਅਕਾਲੀ ਦਲ ਈ ਏ ਪਰ ਤੁਸੀਂ ਗੱਲ ਕਿਹੜੇ ਵਕਤਾਂ ਦੀ ਪਏ ਕਰਦੇ ਹੋ ? ਹੁਣ ਤੁਸੀਂ ਦੇਖੋ ਇਕ ਹੋਇਆ ਲੌਂਗੋਵਾਲ ਅਕਾਲੀ ਦਲ, ਫੇਰ ਸੰਯੁਕਤ ਅਕਾਲੀ ਦਲ, ਤਲਵੰਡੀ ਅਕਾਲੀ ਦਲ, ਮਾਸਟਰ ਤਾਰਾ ਸਿੰਘ ਅਕਾਲੀ ਦਲ, ਹੁਣ ਤਾਂ ਪਤਾ ਨਹੀਂ ਕਿੰਨੇ ਅਕਾਲੀ ਦਲ ਫਿਰਨ ਡਹੇ ਨੇ। ਇੱਟ ਪੁਟੋ ਤਾਂ ਅਕਾਲੀ ਦਲ ਨਿਕਲਦਾ ਏ। ਹੁਣ ਤਾਂ ਅਕਾਲੀ ਦਲ ਨੂੰ ਤਾਂ ਇਨ੍ਹਾਂ ਲੀਡਰਾਂ ਨੇ ਦਲਦਲ ਵਿਚ ਫਸਾ ਕੇ ਰੱਖਿਆ ਹੋਇਆ ਏ।'

'ਵੈਸੇ ਪ੍ਰੇਮ ਸਿਹਾਂ ਵਾਰੇ ਜਾਵਾਂ ਤੇਰੀ ਅਕਲ ਦੇ। ਤੂੰ ਤਾਂ ਗੱਲਾਂ ਈ ਬੜੀਆਂ ਸਿਆਣੀਆਂ ਕਰਦਾ ਏਂ।'

'ਆਪਾਂ ਸੁਣੀ ਦੀਆਂ ਵੀ ਸਿਆਣੀਆਂ ਗੱਲਾਂ ਨੇ।'

'ਤਾਹੀਓਂ ਪਤਲੇ ਦੁੱਧ ਦੀ ਗੱਲ ਵੱਲ ਕਦੀ ਧਿਆਨ ਨਹੀਂ ਦੇਂਦਾ

'ਬਾਊ ਜੀ ਤੁਸੀਂ ਤਾਂ ਗੱਲ ਈ ਹੋਰ ਪਾਸੇ ਪਾਈ ਜਾਂਦੇ ਹੋ। ਹੁਣ ਤੁਸੀਂ ਦੇਖੋ ਕੈਪਟਨ ਆਪਣੀ ਤੂਤੀ ਵਜਾਈ ਜਾਂਦੀ ਏ, ਸੇਖਵਾਂ ਆਪਣਾ ਹੁਕਮ ਚਲਾਈ ਜਾਂਦਾ ਏ। ਬਰਨਾਲੇ ਨੂੰ ਹੋਰ ਕੁਝ ਨਹੀਂ ਸੁਝਦਾ ਤਾਂ ਕਹੀ ਜਾਏਗਾ ਮੈਨੂੰ ਸਰਕਾਰ ਬਣਾਉਣ ਦਾ ਇਕ ਹੋਰ ਮੌਕਾ ਦਿੱਤਾ ਜਾਵੇ। ਬਈ ਬੰਦਾ ਪੁੱਛੇ, ਬਰਨਾਲਾ ਸਾਬ, ਪਹਿਲਾਂ ਤੁਸੀਂ ਕੀ ਚੰਨ ਚਾੜ੍ਹ ਲਏ ਸੀ ਬਈ ਜਿਹੜਾ ਦੁਬਾਰਾ ਮੌਕਾ ਮੰਗ ਰਹੇ ਹੋ।'

'ਪ੍ਰੇਮ ਸਿਹਾਂ ਹਰਜ ਵੀ ਕੀ ਏ ?'

'ਹਰਜ ਇਹ ਏ ਬਾਊ ਜੀ ਜੇ ਕੇਂਦਰ ਨੇ ਸਰਕਾਰ ਬਨਾਣੀ ਈ ਹੋਵੇ ਪੰਜਾਬ 'ਚ ਤਾਂ ਕਿਸੇ ਹੋਰ ਨੂੰ ਮੌਕਾ ਕਿਉਂ ਨਾ ਦਿੱਤਾ ਜਾਵੇ ?'

'ਫੇਰ ਤਾਂ ਬਲਵੰਤ ਸਿੰਘ ਨੂੰ ਕਿਹਾ ਜਾ ਸਕਦਾ ਏ।'

'ਨਹੀਂ ਬਾਊ ਜੀ, ਉਹ ਤਾਂ ਧੁਰ ਦਰਗਾਹੋਂ ਲਿਖਵਾ ਕੇ ਆਇਆ ਹੋਇਆ ਏ ਕਿ ਸਰਕਾਰ ਭਾਵੇਂ ਬਾਦਲ ਬਣਾਵੇ ਜਾਂ ਬਰਨਾਲਾ, ਭਾਵੇਂ ਖਾੜਕੂ ਵੀ ਕਿਉਂ ਨਾ ਆ ਜਾਣ ਉਹ ਤਾਂ ਸਿਰਫ ਖਜ਼ਾਨਾ ਮੰਤਰੀ ਹੀ ਬਣੂ

'ਉਹ ਭਲਾ ਕਿਉਂ ?'

'ਮੇਰਾ ਖਿਆਲ ਏ ਬਾਊ ਜੀ ਤੁਸੀਂ ਤਾਂ ਆਪ ਸਿਆਣੇ ਓ। ਮੇਰਾ ਤਾਂ ਕਹਿਣ ਦਾ ਮਤਬਲ ਅਕਾਲੀ ਦਲ ਤੋਂ ਸੀ, ਬਲਵੰਤ ਵਿਚਾਰਾ ਤਾਂ ਐਵੇਂ ਈ ਵਿਚ ਆ ਫਸਿਆ। ਹੁਣ ਤੁਸੀਂ ਦੇਖੋ, ਐਨੇ ਅਕਾਲੀ ਦਲਾਂ 'ਚੋਂ ਹੁਣ ਅਸਲੀ ਤੇ ਵੱਡਾ ਅਕਾਲੀ ਦਲ ਲੱਭਣਾ ਈ ਮੁਸ਼ਕਲ ਜਿਹਾ ਲਗਦਾ ਹੈ। ਹਰ ਇਕ ਨੇ ਆਪਣੀ ਮੰਜੀ ਡਾਹੀ ਹੋਈ ਏ ਤੇ ਆਪਣੇ ਆਪ ਨੂੰ ਪੰਥ ਦਾ ਰਖਵਾਲਾ ਕਹੀ ਜਾ ਰਿਹਾ ਏ।'

'ਗੱਲ ਤਾਂ ਬੜੀ ਮੁਸ਼ਕਲ ਵਾਲੀ ਏ।'

'ਹਾਂ, ਹੈ ਤਾਂ ਹੈ, ਇਹ ਕਹਿ ਕੇ ਉਸ ਆਪਣਾ ਡੋਲੂ ਚੁਕਿਆ ਤੇ ਜਾਣ ਲੱਗਾ, 'ਬਾਊ ਜੀ ਹੁਣ ਹਾਲ ਤਾਂ ਸਾਡਾ ਵੀ ਦਲਦਲ 'ਚ ਫਸੇ ਅਕਾਲੀ ਦਲ ਵਰਗਾ ਈ ਏ। ਬੜੀ ਕੋਸ਼ਿਸ਼ ਕਰ ਰਹੇ ਆਂ ਬਈ ਇਨ੍ਹਾਂ ਬਾਈ ਮੰਜੀਆਂ 'ਚੋਂ ਕੋਈ ਅਸਲੀ ਤੇ ਵੱਡਾ ਗੁਰੂ ਲੱਭ ਪਏ ਤਾਂ ਜੋ ਕੋਈ ਠੀਕ ਰਾਹੇ ਪਾ ਸਕੇ। ਚਲੋ ਦੇਖੋ ਜੋ ਵਾਗੁਰੂ ਨੂੰ ਮੰਜੂਰ।' ਇਹ ਕਹਿ ਕੇ ਉਹ ਪਰਤਿਆ ਤੇ ਫੇਰ 'ਬਾਈ ਮੰਜੀਆਂ 'ਚੋਂ ...।' ਗੁਣਗੁਣਾਉਂਦਾ ਉਹ ਪੌੜੀਆਂ ਉਤਰ ਗਿਆ।

ਪ੍ਰਕਾਸ਼

ਕਲਗੀ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੀ ਉਪਮਾ ਹਿਤ

ਕਲਗੀ ਵਾਲਿਆ ਤੇਰੇ ਸਕੂਲ ਅੰਦਰ, ਸੁਣਿਆ ਮੈਂ ਕਿ ਲੱਗਦੀ ਫੀਸ ਕੋਈ ਨਾ।
ਮੈਂ ਵੀ ਆਖਿਆ ਦਾਖਲ ਹੋ ਜਾਵਾਂ, ਦੇਣੇ ਪੈਣਗੇ ਬੀਸ ਤੇ ਤੀਸ ਕੋਈ ਨਾ
ਜਦੋਂ ਵਿਚ ਸਕੂਲ ਦੇ ਝਾਤ ਮਾਰੀ, ਪੜ੍ਹਨੇ ਵਾਲਿਆਂ ਦੇ ਸਿਰ 'ਤੇ ਸੀਸ ਕੋਈ ਨਾ
ਸੀਸ ਤਲੀ 'ਤੇ ਪਰਚੇ ਸ਼ਹੀਦੀਆਂ ਦੇ, ਵੱਧ ਏਸ ਤੋਂ ਹੋਰ ਹਦੀਸ ਕੋਈ ਨਾ

ਵਲੋਂ — ਹਰਚਰਨ ਸਿੰਘ ਉੱਪਲ



Classified

ਕਿਰਾਏ ਲਈ ਖਾਲੀ

ਰਿਚਮੰਡ ਵਿਚ ਦੋ ਬੈੱਡਰੂਮ ਦੀ ਬੇਸਮਿੰਟ ਸਵੀਟ ਕਿਰਾਏ ਲਈ ਖਾਲੀ ਹੈ, ਜਿਸ ਵਿਚ ਫਰਿਜ਼, ਸਟੋਵ, ਡਰੇਪਸ ਅਤੇ ਕਾਰਪਿਟ ਹੈ ਅਤੇ ਕੱਪੜੇ ਧੋਣ ਵਾਲੀ ਮਸ਼ੀਨ ਤੇ ਸੁਕਾਉਣ ਵਾਲੀ ਮਸ਼ੀਨ ਵੀ ਹੈ। ਹੋਰ ਜਾਣਕਾਰੀ ਲਈ ਫੋਨ ਕਰੋ :

ਫ਼ੋਨ : 270-4014

ਖਾਲਿਸਤਾਨੀ ਜਵਾਬ ਦੇਣ ਕਿ ਬਾਹਰ ਵਸਦੇ ਅੱਠ ਲੱਖ ਸਿਖਾਂ ਨੂੰ ਕਿਥੇ ਵਸਾਉਣਗੇ — ਦਿਲਬਾਗ

ਜਲੰਧਰ — ਕਾਂਗਰਸ (ਇ) ਦੇ ਮੀਤ ਪ੍ਰਧਾਨ ਤੇ ਦੁਆਬੇ ਦੇ ਧਨਾਢ ਕਾਂਗਰਸੀ ਦਿਲਬਾਗ ਸਿੰਘ ਨੇ ਕਿਹਾ ਹੈ ਕਿ ਖਾਲਿਸਤਾਨ ਨਾ ਸਿਖ਼ੀ ਤੇ ਨਾ ਸਿੱਖਾਂ ਦੇ ਹਿੱਤ ਵਿਚ ਹੈ। ਜੇਕਰ ਖਾਲਿਸਤਾਨ ਬਣ ਜਾਏ ਤਾਂ ਸਿੱਖਾਂ ਲਈ ਵਧਣ ਫੁੱਲਣ ਦੇ ਮੌਕੇ ਖਤਮ ਹੋ ਜਾਣਗੇ। ਅੱਜ ਸਿਖ ਆਪਣੀ ਮਿਹਨਤ ਤੇ ਲਗਨ ਤੇ ਹਿੰਮਤ ਸਦਕਾ ਨਾ ਕੇਵਲ ਭਾਰਤ ਦੀ ਨੁਕਰ ਨੁਕਰ ਵਿਚ ਸਗੋਂ ਬਦੇਸ਼ਾਂ ਵਿਚ ਜਾ ਕੇ ਆਪਣੀ ਥਾਂ ਬਣਾ ਚੁਕੇ ਹਨ। ਖਾਲਿਸਤਾਨ ਮੰਗਣ ਵਾਲੇ ਸਿਖਾਂ ਨੂੰ ਸੀਮਤ ਹੱਦਾਂ ਅੰਦਰ ਕੈਦ ਕਰਨਾ ਚਾਹੁੰਦੇ ਹਨ।

ਉਹਨਾਂ ਕਿਹਾ ਕਿ ਲੋੜ ਹੈ ਅਕਾਲੀ ਵੀ ਸੋਚ ਤੇ ਤੰਗ ਘੇਰੇ ਵਿਚੋਂ ਨਿਕਲਣ। ਸਿੱਖਾਂ ਨੂੰ ਕੌਮੀ ਧਾਰਾ ਵਿਚ ਜੁੜ ਕੇ ਏਕਤਾ ਅਖੰਡਤਾ ਲਈ ਬਾਕੀ ਦੇਸ਼ ਵਾਸੀਆਂ ਨਾਲ ਮਿਲ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਉਹਨਾਂ ਇੰਕਸ਼ਾਫ ਕੀਤਾ ਕਿ ਬਾਹਰਲੇ ਰਾਜਾਂ ਵਿਚ ਅੱਠ ਲੱਖ ਸਿਖ ਕਾਰੋਬਾਰ ਕਰਦੇ ਹਨ। ਖਾਲਿਸਤਾਨ ਜੇ ਬਣ ਜਾਏ ਤਾਂ ਖਾਲਿਸਤਾਨੀ ਉਹਨਾਂ ਨੂੰ ਸੱਦ ਕੇ ਪੰਜਾਬ ਦੇ ਸਿੱਖਾਂ ਦਾ ਹਿਸਾ ਵੰਡ ਕੇ ਦੇ ਦੇਣਗੇ। ਹੋਰ ਉਹਨਾਂ ਪਾਸ ਕੀ ਹੈ ਜੋ ਬਾਹਰੋਂ ਆਉਣ ਵਾਲਿਆਂ ਨੂੰ ਦੇਣਗੇ। ਦਿਲਬਾਗ ਸਿੰਘ ਨੇ ਕਿਹਾ ਕਿ ਖਾਲਿਸਤਾਨ ਮੰਗਣ ਵਾਲਿਆਂ ਨੇ ਬਾਹਰਲੇ ਦੇਸ਼ਾਂ ਵਿਚ ਨਾਮ ਖੱਟਣ ਵਾਲੇ ਸਿੱਖਾਂ ਦੇ ਵਕਾਰ ਨੂੰ ਸੱਟ ਮਾਰੀ ਹੈ। ਲੋੜ ਇਸ ਸਮੇਂ ਇਹ ਹੈ ਕਿ ਬੰਦੂਕ ਦੀ ਸਿਆਸਤ ਛੱਡ ਕੇ ਉਸ ਦੱਬੇ ਗਏ ਵਕਾਰ ਨੂੰ ਬਹਾਲ ਕੀਤਾ ਜਾਵੇ।

● ਇਕ ਬੈਂਕਿੰਗ ਕਾਰਪੋਰੇਸ਼ਨ ਨੇ ਆਪਣੇ ਇੰਸਪੈਕਟਰ ਨੂੰ ਕੁਝ ਇਲਾਕਿਆਂ ਦੀਆਂ ਬਰਾਂਚਾਂ ਨੂੰ ਚੈਕ ਕਰਨ ਲਈ ਭੇਜਿਆ। ਇਕ ਛੋਟੇ ਜਿਹੇ ਪਿੰਡ ਵਿਚ ਇੰਸਪੈਕਟਰ ਬੈਂਕ ਵਿਚ ਦਾਖਲ ਹੋਇਆ ਤਾ ਉਸਨੇ ਦੇਖਿਆ ਕਿ ਪੂਰਾ ਬੈਂਕ ਖਾਲੀ ਪਿਆ ਹੈ। ਅਤੇ ਛੇ ਬੰਦੇ ਮੈਨੇਜਰ ਦੇ ਕਮਰੇ ਵਿਚ ਤਾਸ਼ ਖੇਲ ਰਹੇ ਹਨ।

ਇੰਸਪੈਕਟਰ ਨੇ ਮਾਮਲੇ ਨੂੰ ਭੈਭੀਤ ਕਰਨ ਲਈ ਹਿਫਾਜ਼ਤੀ ਅਲਾਰਮ ਵਜਾਇਆ। ਪਰ ਉਹਨਾ ਦੇ ਕੰਨ ਤੇ ਜੂੰ ਤੱਕ ਨਾ ਰੇਂਗੀ। ਤਾਂ ਸੜਕ ਦੇ ਦੂਜੇ ਪਾਸਿਓਂ ਇਕ ਹੋਟਲ ਤੋਂ ਇਕ ਬੈਰਾ ਟਰੇ ਵਿਚ ਛੇ ਪਿਆਲੇ ਚਾਹ ਲਈਂ ਬੈਂਕ ਵਿਚ ਦਾਖਲ ਹੋਇਆ ਅਤੇ ਖਾਮੋਸ਼ੀ ਨਾਲ ਟਰੇ ਉਹਨਾਂ ਦੇ ਸਾਮਹਣੇ ਰੱਖ ਕੇ ਚਲਿਆ ਗਿਆ।

ਭਰੋਸੇਯੋਗਤਾ ਹੀ ਇਕੋ ਇਕ ਰਾਹ

—ਇੰਦਰਜੀਤ—

ਵਿਰੋਧੀ ਪਾਰਟੀਆਂ ਫੇਰ ਰਾਸ਼ਟਰੀ ਤੇ ਖੇਤਰੀ ਪੱਧਰਾਂ ’ਤੇ ਸਰਗਰਮ ਹੋ ਰਹੀਆਂ ਹਨ। ਏਕਤਾ ਵਿਚ ਇਕਮੁੱਠ ਅਤੇ ਕਾਂਗਰਸ (ਆਈ) ਦਾ ਭਰੋਸੇਯੋਗ ਬਦਲ ਬਣਾਉਣ ਦੇ ਨਵੇਂ ਸਿਰਿਓਂ ਯਤਨ ਕੀਤੇ ਜਾ ਰਹੇ ਹਨ ਬਿਨਾਂ ਸ਼ੱਕ ਆਮ ਚੋਣਾਂ ਹੋਣ ਵਿਚ ਅਜੇ ਦੋ ਸਾਲ ਬਾਕੀ ਹਨ ਪਰ ਇਹ ਸਮਾਂ ਏਨਾ ਲੰਮਾ ਵੀ ਨਹੀਂ ਹੈ ਕਿ ਸੰਗਠਿਤ ਹੋਇਆ ਵਿਰੋਧੀ ਧੜਾ ਇਕੱਠਾ ਹੋ ਕੇ ਸੱਤਾਧਾਰੀ ਪਾਰਟੀ ਨਾਲ ਇਕ ਵਧੀਆ ਅਰਥ ਭਰੀ ਲੜਾਈ ਨਾ ਲੜ ਸਕੇ। ਮੱਧਕਾਲੀ ਚੋਣਾਂ ਦੀ ਚਰਚਾ ਲਗਾਤਾਰ ਜਾਰੀ ਹੈ। ਭਾਵੇਂ ਸ੍ਰੀ ਰਾਜੀਵ ਗਾਂਧੀ ਨੇ ਅਜਿਹੇ ਕਿਸੇ ਕਦਮ ਦਾ ਖੰਡਨ ਕੀਤਾ ਹੈ। ਪਿਛਲੇ ਸਮੇਂ ਵਿਚ ਕਈ ਵਾਰ ਰਾਸ਼ਟਰੀ ਪੱਧਰ ’ਤੇ ਜਨਤਾ ਪਾਰਟੀਆਂ ਮੋਹਰੀ ਰਹੀਆਂ ਹਨ। ਪਿਛਲੇ ਹਫਤੇ ਜਨਤਾ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਬੈਠਕ ਨਵੀਂ ਦਿੱਲੀ ਵਿਚ ਸੱਦੀ ਗਈ। ਜਨਮੋਰਚੇ ਨੂੰ ਬਣਾਉਣ ਅਤੇ ਉਸ ਦੇ ਨੇਤਾ ਸ੍ਰੀ ਵਿਸ਼ਵ ਨਾਥ ਪ੍ਰਤਾਪ ਸਿੰਘ ਭਾਰਤੀ ਰਾਸ਼ਟਰੀ ਮਾਮਲਿਆਂ ਵਿਚ ਇਕ ਨਵੀਂ ਸ਼ਕਤੀ ਬਣ ਕੇ ਉਭਰੇ ਹਨ ਜਿਸ ਲਈ ਜਨਤਾ ਪਾਰਟੀ ਨੂੰ ਉਤਸ਼ਾਹ ਮਿਲਿਆ ਹੈ। ਆਮ ਲੋਕਾਂ ਨੂੰ ਕਿਸੇ ਹੋਰ ਵਿਅਕਤੀ ਦੀ ਭਰੋਸੇਯੋਗਤਾ ਵਿਚ ਏਨਾ ਵਿਸ਼ਵਾਸ ਨਹੀਂ। ਦਰਅਸਲ ਉਨ੍ਹਾਂ ਦੇ ਨੇੜਲੇ ਹਲਕਿਆਂ ਨੂੰ ਤਾਂ ਲਗਦਾ ਹੈ ਜਿਵੇਂ ਉਹ ਦੂਜੇ ਜੇ. ਪੀ. ਬਣ ਰਹੇ ਹਨ।

ਇਕਮੁੱਠ

ਦੂਜੇ ਪਾਸੇ ਗੋਆ ਦੇ ਮਹਾਰਾਸ਼ਟਰਵਾੜੀ ਗੋਮੰਤਕ ਪਾਰਟੀ ਨੇ ਖੇਤਰੀ ਪਾਰਟੀਆਂ ਵਿਚ ਏਕਤਾ ਬਣਾਉਣ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਇਕ ਸੰਘੀ ਸੰਸਥਾ ਦੇ ਰੂਪ ਵਿਚ ਰਾਸ਼ਟਰੀ ਇਕਮੱਤ ਬਣਾਉਣ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਉਣ ਵਾਲੇ ਹਫਤੇ ਦੇ ਅੰਤ ’ਤੇ ਪਾਨਾਜੀ ਵਿਚ ਇਕੋ ਜਿਹੇ ਵਿਚਾਰ ਰੱਖਣ ਵਾਲੀਆਂ ਖੇਤਰੀ ਪਾਰਟੀਆਂ ਦਾ ਸੰਮੇਲਨ ਬੁਲਾਇਆ ਜਾ ਰਿਹਾ ਹੈ। ਸੱਦੀਆਂ ਗਈਆਂ ਪਾਰਟੀਆਂ ਵਿਚ ਪ੍ਰਮੁੱਖ ਹਨ : ਤੇਲਗੂ ਦੇਸ਼ਮ, ਅਸਾਮ ਗਣ ਪ੍ਰੀਸ਼ਦ, ਡੀ. ਐਮ. ਕੇ., ਝਾਰਖੰਡ ਪਾਰਟੀ ਅਤੇ ਗੋਰਖਾ ਕੌਮੀ ਮੁਕਤੀ ਮੋਰਚਾ। ਐਮ. ਜੀ. ਪੀ. ਅਤੇ ਹੋਰ ਖੇਤਰੀ ਪਾਰਟੀਆਂ ਉਹੋ ਕੁਝ ਮਹਿਸੂਸ ਕਰ ਰਹੀਆਂ ਹਨ ਜੋ ਰਾਸ਼ਟਰੀ ਪੱਧਰ ’ਤੇ ਸੋਚਿਆ ਜਾ ਰਿਹਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਦੇਸ਼ ਨੂੰ ਭ੍ਰਿਸ਼ਟਾਚਾਰ, ਫਿਰਕਾਪ੍ਰਸਤੀ, ਪ੍ਰਸ਼ਾਸਨਿਕ ਕੁਪ੍ਰਬੰਧ ਅਤੇ ਆਰਥਿਕ ਸੰਤੁਲਨ ਤੋਂ ਬਚਾਉਣ ਲਈ ਫੌਰੀ ਕਦਮ ਚੁੱਕਣ ਦੀ ਲੋੜ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਖੇਤਰੀ ਪਾਰਟੀਆਂ ਨੂੰ ਦੇਸ਼ ਦੇ ਸਾਰੇ ਫਿਰਕਿਆਂ ਨੂੰ ਇਕ ਸੂਤਰ ਵਿਚ ਬੰਨ੍ਹਣ ਵਾਲੀ ਸਰਵੁੱਚ ਸ਼ਕਤੀ ਨਜ਼ਰ ਆਉਂਦੀ ਹੈ। ਸਾਡੇ ਦੇਸ਼ ਵਿਚ ਵੱਖ ਵੱਖ ਸਭਿਆਚਾਰ ਹਨ, ਖੇਤਰੀ ਆਸਾਂ ਹਨ ਅਤੇ ਇਛਾਵਾਂ ਵੱਖ ਵੱਖ ਹਨ ਤਾਂ ਵੀ ਉਨ੍ਹਾਂ ਨੂੰ ਆਸ਼ਾ ਦੀ ਕਿਰਨ ਦਿਖਾਈ ਦੇ ਰਹੀ ਹੈ। ਉਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਖੇਤਰੀ ਤੱਤਾਂ ਨੂੰ ਵੰਡਣ ਦੀ ਲੋੜ ਨਹੀਂ। ਸਾਂਝੇ ਸਿਧਾਂਤਾਂ ਅਤੇ ਆਰਥਿਕ ਤੇ ਰਾਜਸੀ ਸ਼ਕਤੀ ਦੇ ਵਿਕੇਂਦਰੀਕਰਨ ਦੀ ਮੰਗ ਦੇ ਸਹਾਰੇ ਉਹ ਇਕਮੁੱਠ ਹੋ ਜਾਣਗੇ।

ਸ੍ਰੀ ਚੰਦਰ ਸ਼ੇਖਰ, ਸ੍ਰੀ ਆਰ. ਕੇ. ਹੈਗੜੇ ਅਤੇ ਪ੍ਰੋ. ਮਧੂ ਦੰਡਵਤੇ ਵਰਗੇ ਸੀਨੀਅਰ ਜਨਤਾ ਆਗੂਆਂ ਨੇ ਵਿਰੋਧੀ ਪਾਰਟੀਆਂ ਵਿਚ ਏਕਤਾ ਸਥਾਪਤ ਕਰਨ ਲਈ ਨਵੇਂ ਸਿਰਿਓਂ ਜਿਹੜੇ ਯਤਨ ਸ਼ੁਰੂ ਕੀਤੇ ਹਨ, ਉਨ੍ਹਾਂ ਦਾ ਮੁੱਖ ਤੌਰ ’ਤੇ ਆਧਾਰ ਇਹ ਹੈ ਕਿ ਕੰਮ ਚਲਾਊ ਰਵੱਈਏ ਨਾਲ ਕੰਮ ਨਹੀਂ ਚੱਲੇਗਾ। ਦਰਅਸਲ ਪ੍ਰੋਫੈਸਰ ਦੰਡਵਤੇ ਨੇ ਮੈਨੂੰ ਕਿਹਾ ਹੈ, “ਅਸੀਂ ਇਸ ਪ੍ਰਕਿਰਿਆ ਵਿਚ ਬੇਕਾਰ ਹੀ ਦਸ ਮਹੀਨੇ ਬਰਬਾਦ ਕਰ ਦਿੱਤੇ ਹਨ।” ਉਹ ਅਤੇ ਜਨਤਾ ਪਾਰਟੀ ਦੇ ਹੋਰ ਆਗੂ ਸਪਸ਼ਟ ਤੌਰ ’ਤੇ ਇਹ ਜਾਣਦੇ ਹਨ ਕਿ ਮੌਜੂਦਾ ਹਾਲਤਾਂ ਵਿਚ ਵਿਰੋਧੀ ਪਾਰਟੀਆਂ ਦਾ ਆਪਸ ਵਿਚ ਮਿਲਣਾ ਸਮੇਂ ਦੀ ਬਰਬਾਦੀ ਹੋਵੇਗੀ। 1984 ਦੇ ਸ਼ੁਰੂ ਵਿਚ ਜਦੋਂ ਅਸਮਾਨ ’ਤੇ ਆਮ ਚੋਣਾਂ ਸਾਫ ਨਜ਼ਰ ਆ ਰਹੀਆਂ ਸਨ, ਉਦੋਂ ਪਟਨਾ ਵਿਚ ਜਨਤਾ ਪਾਰਟੀ ਦਾ ਕੌਮੀ ਸੰਮੇਲਨ ਬੁਲਾਇਆ ਗਿਆ ਸੀ। ਉਦੋਂ ਜੇ ਇਕ ਪਾਰਟੀ ਬਣ ਜਾਂਦੀ ਤਾਂ ਇਹ ਵਿਰੋਧੀ ਪਾਰਟੀਆਂ (ਅਤੇ ਦੇਸ਼) ਲਈ ਚੰਗਾ ਹੀ ਹੁੰਦਾ। ਪਰ ਉਦੋਂ ਬਹੁਤ ਘੱਟ ਲੋਕ ਦੇਸ਼ ਨੂੰ ਆਪਣੇ ਅਹਿਮ ਤੇ ਵਿਅਕਤੀਗਤ ਪਛਾਣ ਤੋਂ ਜ਼ਿਆਦਾ ਮਹੱਤਵ ਦੇਣ ਨੂੰ ਤਿਆਰ ਸਨ। ਮੰਨੇ ਹੋਏ ਮਸਲਿਆਂ ਨੂੰ ਲੈ ਕੇ ਏਕਤਾ ਵੱਲ ਸਾਂਝੀ ਕਾਰਵਾਈ ਕਰਨ ਦੇ ਨਵੇਂ ਸਿਰਿਓਂ ਯਤਨ ਹੋ ਰਹੇ ਹਨ। ਅਜਿਹਾ ਹੀ ਯਤਨ ਐਮਰਜੈਂਸੀ ਤੋਂ ਪਹਿਲਾਂ ਜੇ ਪੀ ਨੇ ਜਨ ਸੰਘਰਸ਼ ਕਮੇਟੀ ਦੇ ਮਾਧਿਅਮ ਰਾਹੀਂ ਕੀਤਾ ਸੀ। ਹੁਣ ਕਮੇਟੀ ਨੂੰ ਮੁੜ ਜੀਵਤ ਕੀਤਾ ਜਾ ਸਕਦਾ ਹੈ ਜਾਂ ਇਕ ਨਵੀਂ ਲੋਕ ਸੰਘਰਸ਼ ਕਮੇਟੀ ਬਣਾਈ ਜਾ ਸਕਦੀ ਹੈ।

ਕਮੇਟੀ ਬਣਾਉਣ ਦੇ ਸੁਆਲ ਨੂੰ ਲੈ ਕੇ ਕੁਝ ਮੁਢਲੇ ਕਦਮ ਚੁਕੇ ਗਏ ਹਨ ਅਤੇ ਪ੍ਰੋ: ਦੰਡਵਤੇ ਅਨੁਸਾਰ ਇਨ੍ਹਾਂ ਦੇ ਸਿੱਟੇ ਵਜੋਂ ਸਥਾਈ ਏਕਤਾ ਕਾਇਮ ਹੋ ਸਕਦੀ ਹੈ। ਜਨਤਾ ਪਾਰਟੀ ਅਤੇ ਜਨ ਮੋਰਚਾ ਸਾਂਝੇ ਰੂਪ ਵਿਚ ਕਮੇਟੀ ਬਣਾਉਣਗੇ। ਸੰਯੁਕਤ ਕਾਰਵਾਈ ਲਈ ਕੁਝ ਖੇਤਰਾਂ ਦਾ ਪਤਾ ਸ੍ਰੀ ਚੰਦਰ ਸ਼ੇਖਰ, ਸ੍ਰੀ ਹੈਗੜੇ, ਪ੍ਰੋ. ਦੰਡਵਤੇ, ਸ੍ਰੀ ਵੀ ਪੀ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਗੈਰ ਰਸਮੀ ਗੱਲਬਾਤ ਵਿਚ ਲਾਇਆ ਹੈ ਉਚੇ ਪੱਧਰ ਤੇ ਹੋ ਰਹੇ ਭ੍ਰਿਸ਼ਟਾਚਾਰ, ਜਿਸ ਦਾ ਪ੍ਰਤੀਕ ਬੋਫੋਰਜ਼ ਰਿਸ਼ਵਤ ਅਤੇ ਪਣਡੁੱਬੀ ਦਾ ਵਾਦ ਵਿਵਾਦ ਹੈ, ਦਾ ਅੰਤ ਕਰਨ ਲਈ ਪਹਿਲ ਦਿੱਤੀ ਜਾ ਰਹੀ ਹੈ। ਇਹ ਸੱਚ ਹੈ ਕਿ ਹੁਣ ਇਨ੍ਹਾਂ ਦੋਹਾਂ ਸੌਦਿਆਂ ’ਤੇ ਨਾ ਤਾਂ ਸੰਸਦ ਵਿਚ ਅਤੇ ਨਾ ਹੀ ਅਖਬਾਰਾਂ ਦੇ ਪਹਿਲੇ ਪੰਨਿਆਂ ’ਤੇ ਕੋਈ ਚਰਚਾ ਚੱਲ ਰਹੀ ਹੈ। ਪਰ ਇਹ ਸੋਚਣਾ ਗਲਤ ਹੈ ਕਿ ਮਾਮਲਾ ਠੱਪ ਹੋ ਗਿਆ ਹੈ। ਸਵੀਡਨ ਦੇ ਵਿਸ਼ੇਸ਼ ਪੁਲੀਸ ਦੰਡ ਅਧਿਕਾਰੀ ਨੇ ਅਜੇ ਆਪਣੀ ਜਾਂਚ ਵਾਲੀ ਰਿਪੋਰਟ ਦੇਣੀ ਹੈ। ਆਸ ਹੈ ਕਿ ਇਹ ਰਿਪੋਰਟ ਇਕ ਜਾਂ ਦੋ ਮਹੀਨਿਆਂ ਵਿਚ ਮਿਲ ਜਾਵੇਗੀ। ਬੋਫੋਰਜ਼ ਸੌਦੇ ਵਿਚ ਵੱਡੇ ਪੈਮਾਨੇ ’ਤੇ ਕਮਿਸ਼ਨ ਦਿੱਤਾ ਗਿਆ ਹੈ। ਇਸ ਇਕ ਮੂਲ ਤੱਥ ਦੀ ਪਿਠ ਭੂਮੀ ਵਿਚ ਨਵੇਂ ਸਿਰਿਓਂ ਵਿਸਫੋਟ ਸੰਭਵ ਹੋ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਅੱਜ ਸਵੀਡਨ ਦੇ ਪ੍ਰਚਾਰ ਪ੍ਰਸਾਰ ਸਾਧਨ ਅਦਾਇਗੀਆਂ ਨੂੰ ਰਿਸ਼ਵਤ ਦੱਸ ਰਹੇ ਹਨ।

ਜਨ ਮੋਰਚਾ ਅਤੇ ਵਿਰੋਧੀ ਪਾਰਟੀਆਂ ਲਈ ਇਹ ਇਕ ਖੁਸ਼ਕਿਸਮਤੀ ਵਾਲੀ ਗੱਲ ਹੈ ਕਿ ਸ੍ਰੀ ਵੀ ਪੀ ਸਿੰਘ ਦੀ ਛਬੀ ਚੰਗੀ ਹੈ। ਉਨ੍ਹਾਂ ਦੀ ਛਬੀ ਖਰਾਬ ਕਰਨ ਦੇ ਅਸਫਲ ਯਤਨ ਕਾਂਗਰਸ (ਆਈ) ਨੇ ਕੀਤੇ ਹਨ। ਉਨ੍ਹਾਂ ਦੇ ਕੁਝ ਦੁਸ਼ਮਣ ਫੇਅਰਫੈਕਸ ਜਾਂਚ ’ਤੇ ਨਜ਼ਰਾਂ ਟਿਕਾਈ ਬੈਠੇ ਹਨ। ਫੇਅਰ ਫੈਕਸ ਦੇ ਵਿਹਾਰ ਤੇ ਅਨੇਕਾਂ ਲੋਕ ਹੈਰਾਨ ਹਨ। ਭਾਵੇਂ ਉਸ ਦੀ ਰਿਪੋਰਟ ਦੀ ਇੰਤਜ਼ਾਰ ਵਿਚ ਸ੍ਰੀ ਵੀ ਪੀ ਸਿੰਘ ਦੀਆਂ ਰਾਤਾਂ ਦੀ ਨੀਂਦ ਖਰਾਬ ਹੋ ਰਹੀ ਹੈ। ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਮੈਨੂੰ ਕਿਹਾ ਸੀ, “ਮੈਂ ਕੋਈ ਗਲਤ ਕੰਮ ਨਹੀਂ ਕੀਤਾ। ਮੇਰੇ ਹੱਥ ਸਾਫ ਅਤੇ ਮੇਰੀ ਆਤਮਾ ਨਿਰਮਲ ਹੈ।” ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਐਨ. ਟੀ. ਰਾਮਾਰਾਓ ਨੇ ਇਸੇ ਦੌਰਾਨ ਆਪਣੇ ਜਵਾਈ ਸ੍ਰੀ ਚੰਦਰਾ ਬਾਬਾ ਨਾਇਡੂ ’ਤੇ ਲਾਏ ਗਏ ਦੋਸ਼ਾਂ ਦੀ ਜਾਂਚ ਲਈ ਤਿੰਨ ਮੈਂਬਰੀ ਜਾਂਚ ਕਮਿਸ਼ਨ ਨਿਯੁਕਤ ਕਰ ਕੇ ਉਚਿਤ ਫੈਸਲਾ ਕੀਤਾ ਹੈ ਅਤੇ ਵਿਰੋਧੀ ਨੇਤਾਵਾਂ ਨੇ ਰਾਹਤ ਦਾ ਸਾਹ ਲਿਆ ਹੈ। ਇਸ ਕਮਿਸ਼ਨ ਦੇ ਪ੍ਰਧਾਨ ਹਨ ਦਿੱਲੀ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਸ੍ਰੀ ਆਰ ਐਨ ਅਗਰਵਾਲ। ਇਸ ਨਾਲ ਵਿਰੋਧੀ ਧਿਰ ਦੀ ਛਬੀ ਸੁਧਰੀ ਹੈ ਅਤੇ ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਹੋਇਆ ਹੈ। ਮਹੱਤਵਪੂਰਨ ਗੱਲ ਹੈ ਕਿ ਜਸਟਿਸ ਸ੍ਰੀ ਅਗਰਵਾਲ ਆਪਣੀ ਸੁਤੰਤਰਤਾ ਅਤੇ ਜਾਂਚ ਸ਼ਕਤੀ ਲਈ ਪ੍ਰਸਿੱਧ ਹਨ ਅਤੇ ਇਸ ਦੀ ਕੀਮਤ ਉਨ੍ਹਾਂ ਨੇ ਐਮਰਜੈਂਸੀ ਵੇਲੇ ਚੁਕਾਈ ਸੀ।

ਬਿਨਾਂ ਦੇਰ ਕੀਤੇ ਚੋਣ ਸੁਧਾਰਾਂ ਦੀ ਆਪਣੀ ਮੰਗ ਤੇ ਵਿਰੋਧੀ ਪਾਰਟੀਆਂ ਜ਼ਿਆਦਾ ਜ਼ੋਰ ਦੇਣਗੀਆਂ। ਸਿੱਕੇ ਦੇ ਫੈਲਾਅ ਰੋਕਣ, ਕਿਸਾਨਾਂ ਨੂੰ ਲਾਭਵੰਦ ਕੀਮਤਾਂ ਦਿਵਾਉਣ ਅਤੇ ਆਰਥਿਕ ਤੇ ਰਾਜਨੀਤਕ ਸ਼ਕਤੀ ਦੇ ਵਿਕੇਂਦਰੀਕਰਨ ’ਤੇ ਵੀ ਜ਼ੋਰ ਦਿੱਤਾ ਜਾਵੇਗਾ (ਕੇਂਦਰ ਅਤੇ ਰਾਜਾਂ ਦੇ ਟਕਰਾਓ ਦਾ ਇਕ ਕਾਰਨ ਹੈ ਨਵੀਂ ਦਿੱਲੀ ਵਿਚ ਸ਼ਕਤੀ ਦਾ ਜ਼ਿਆਦਾ ਕੇਂਦਰੀਕਰਨ) ਕਾਂਗਰਸ (ਆਈ) ਵਿਚ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਕੀਮਤਾਂ ਵਿਚ ਵਾਧੇ ਦੇ ਫਲਸਰੂਪ ਹੀ ਉਚੀ ਪੱਧਰ ’ਤੇ ਹੋ ਰਹੇ ਭ੍ਰਿਸ਼ਟਾਚਾਰ ਪ੍ਰਤੀ ਏਨਾ ਰੋਸ ਪਾਇਆ ਜਾ ਰਿਹਾ ਹੈ ਕੁਝ ਦਿਨਾ ਪਹਿਲਾਂ ਯੂ. ਪੀ. ਤੋਂ ਆਏ ਕੁਝ ਪੇਂਡੂਆਂ ਨੇ ਕਿਹਾ, “ਭਾਰਤ ਵਿਚ ਭ੍ਰਿਸ਼ਟਾਚਾਰ ਕੋਈ ਨਵੀਂ ਘਟਨਾ ਨਹੀਂ। ਨਾ ਹੀ ਇਹ ਕਾਂਗਰਸ (ਆਈ) ਦੇ ਰਾਜਕਾਲ ਜਾਂ ਵਿਰੋਧੀ ਪਾਰਟੀਆਂ ਦੇ ਰਾਜਕਾਲ ਲਈ ਕੋਈ ਨਵੀਂ ਗੱਲ ਹੈ। ਜਦੋਂ ਲੋਕ ਦੇਖਦੇ ਹਨ ਕਿ ਕੀਮਤਾਂ ਦੇ ਵਾਧੇ ਕਾਰਨ ਸੱਤਾਧਾਰੀਆਂ ’ਤੇ ਕੋਈ ਅਸਰ ਨਹੀਂ ਪੈ ਰਿਹਾ ਤਾਂ ਉਨ੍ਹਾਂ ਦੀ ਪ੍ਰਤੀਕਿਰਿਆ ਤੀਬਰ ਹੋ ਜਾਂਦੀ ਹੈ। ਜਦੋਂ ਸ਼ਾਸਕ ਵਰਗ ਹੀ ਸ਼ਾਨ ਸ਼ੌਕਤ ਵਾਲਾ ਨਜ਼ਰ ਆਉਂਦਾ ਹੈ ਤਾਂ ਭ੍ਰਿਸ਼ਟਾਚਾਰ ਨਜ਼ਰ ਆਉਣ ਲੱਗਦਾ ਹੈ ਅਤੇ ਮਨ ਨੂੰ ਠੇਸ ਪਹੁੰਚਦੀ ਹੈ। ਹੁਣ ਬਹੁਤ ਜ਼ਿਆਦਾ ਲੋਕ ਭ੍ਰਿਸ਼ਟਾਚਾਰ ਦੀਆਂ ਗੱਲਾਂ ਕਰਨ ਲੱਗੇ ਹਨ ਅਤੇ ਸਖਤ ਕਾਰਵਾਈ ਦੀ ਮੰਗ ਕਰ ਰਹੇ ਹਨ।

ਸੰਘਰਸ਼ ਕਮੇਟੀ ਵਿਚ ਸਰਗਰਮ ਤੌਰ ’ਤੇ ਸ਼ਾਮਲ ਹੋਣ ਲਈ ਬਹੁਤ ਜ਼ਿਆਦਾ ਪਾਰਟੀਆਂ ਨੂੰ ਸ਼ਾਮਲ ਹੋਣ ਲਈ ਕਿਹਾ ਜਾਵੇਗਾ। ਜ਼ਿਆਦਾ ਤਰ ਜਨਤਾ ਪਾਰਟੀ ਦੇ ਨੇਤਾ ਭਾਜਪਾ ਪ੍ਰਤੀ ਸ਼ੰਕੇ ਵਿਚ ਹਨ। ਪਰ ਇਹ ਉਹ ਸਪਸ਼ਟ ਜਾਣਦੇ ਹਨ ਕਿ ਅਜੀਤ ਸਿੰਘ ਅਤੇ ਸ੍ਰੀ ਐਚ ਐਨ ਬਹੁਗੁਣਾ ਦੀ ਅਗਵਾਈ ਵਿਚ ਦੋਹਾਂ ਲੋਕ ਦਲਾਂ ਨੂੰ ਆਪਣੇ ਨਾਲ ਮਿਲਾਉਣਾ ਜ਼ਰੂਰੀ ਹੈ। ਇਹ ਆਖਣਾ ਬੇਕਾਰ ਹੈ ਕਿ ਹਰਿਆਣਾ ਚੋਣਾਂ ਵਿਚ ਲੋਕ ਦਲ (ਬ) ਨੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਸੀ। ਭਾਵੇਂ ਜਨਤਾ ਪਾਰਟੀ ਦੇ ਨੇਤਾ ਮਹਿਸੂਸ ਕਰਦੇ ਹਨ ਕਿ ਚਰਨ ਸਿੰਘ ਦੇ ਪੁੱਤਰ ਅਜੀਤ ਸਿੰਘ ਦੇ ਲੋਕ ਦਲ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਾਲ ਹੀ ਵਿਚ ਜਨਤਾ ਪਾਰਟੀ ਅਤੇ ਜਨ ਮੋਰਚਾ ਦੇ ਨੇਤਾ ਸਹਾਰਨਪੁਰ ਗਏ ਸਨ। ਪੱਛਮੀ ਯੂ ਪੀ ਵਿਚ ਸਵਰਗੀ ਚੌਧਰੀ ਚਰਨ ਸਿੰਘ ਦਾ ਬੜਾ ਆਦਰ ਸਤਿਕਾਰ ਹੈ। ਇਹ ਤਾਂ ਸਪਸ਼ਟ ਹੋ ਗਿਆ ਹੈ। ਇਸ ਲਈ ਚੰਦਰ ਸ਼ੇਖਰ ਅਤੇ ਵੀ ਪੀ ਸਿੰਘ ਦੋਹਾਂ ਲੋਕ ਦਲਾਂ ਦੀ ਸਾਂਝ ਲਈ ਕੋਸ਼ਿਸ਼ ਕਰਨਗੇ।

ਜਨਤਾ ਅਤੇ ਜਨ ਮੋਰਚਾ ਨੇਤਾਵਾਂ ਦਾ ਵਿਸ਼ਵਾਸ ਹੈ ਕਿ ਉਹ ਆਪਣੀਆਂ ਮੰਗਾਂ ਅਤੇ ਮੁਹਿੰਮ ਲਈ ਸਮੂਹਿਕ ਸਮਰਥਨ ਪ੍ਰਾਪਤ ਕਰ →

ਪੰਜਾਬ ਦੇ ਐਮ. ਐਲ. ਏ. ਕਰਨੈਲ ਸਿੰਘ ਡੋਡ ਨਾਲ ਮੁਲਾਕਾਤ



ਕਾ: ਗੁਰਚਰਨ ਬਰਾੜ, ਸ. ਕਰਨੈਲ ਸਿੰਘ ਡੋਡ, ਦਰਸ਼ਨ ਗਿੱਲ, ਚਰਨਪਾਲ ਗਿੱਲ



ਕਾ: ਗੁਰਚਰਨ ਬਰਾੜ, ਸ. ਡੋਡ, ਬਲਦੇਵ ਮਾਨ ਤੇ ਕਰਮਜੀਤ ਗਰੇਵਾਲ

(ਸ. ਕਰਨੈਲ ਸਿੰਘ ਡੋਡ ਪੰਜਾਬ ਵਿਚ ਪਿਛਲੀਆਂ ਚੋਣਾਂ ਸਮੇਂ ਆਜ਼ਾਦ ਉਮੀਦਵਾਰ ਵਜੋਂ ਹਲਕਾ ਫਰੀਦਕੋਟ ਤੋਂ ਐਮ ਐਲ ਏ ਚੁਣੇ ਗਏ ਸਨ। ਸ. ਡੋਡ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹਨ। ਵਿਦਿਆਰਥੀ ਸਮੇਂ ਤੋਂ ਹੀ ਆਪਦਾ ਸੰਬੰਧ ਸਿਖ ਸਿਆਸਤ ਨਾਲ ਰਿਹਾ ਹੈ ਦੇਸ਼ ਦੀ ਵੰਡ ਤੋਂ ਪਹਿਲਾਂ ਆਪ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਲਾਹੌਰ ਦੇ ਐਗਜ਼ੇਕਟਿਵ ਮੈਂਬਰ ਵੀ ਰਹੇ ਹਨ। ਫਰੀਦਕੋਟ ਇਕਾਈ ਦੇ ਪਹਿਲੇ ਪ੍ਰਧਾਨ ਸਨ। 1955 ਤੋਂ 1958 ਤੱਕ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਦੇ ਮੈਂਬਰ ਰਹੇ ਹਨ ਜਦੋਂ ਮਾਸਟਰ ਤਾਰਾ ਸਿੰਘ ਇਸ ਦੇ ਲੀਡਰ ਸਨ। 1955 ਵਿਚ ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਸਤੰਬਰ 1985 ਤੋਂ ਮੈਂਬਰ ਪੰਜਾਬ ਅਸੈਂਬਲੀ ਹਨ। — ਸੰਪਾਦਕ)

ਚਰਨਪਾਲ ਗਿੱਲ : ਡੋਡ ਸਾਹਿਬ ਤੁਸੀਂ ਆਉਂਦੇ ਹੀ ਬੀ ਸੀ ਵਿਚ ਆਪਦੇ ਨਾਲ ਦੁੱਧ ਚਿੱਟੀ ਸਨੋਅ ਲੈ ਕੇ ਆਏ ਹੋ, ਤੁਸੀਂ ਇਸ ਤੋਂ ਪਹਿਲਾਂ ਇੰਗਲੈਂਡ, ਹਾਲੈਂਡ, ਸਵਿਟਜ਼ਰਲੈਂਡ, ਪੱਛਮੀ ਜਰਮਨੀ, ਇਟਲੀ ਵੀ ਘੁੰਮ ਕੇ ਆਏ ਹੋ, ਅਸੀਂ ਵੈਨਕੂਵਰ ਦੀ ਪੰਜਾਬੀ ਕਮਿਊਨਿਟੀ ਵਲੋਂ ਆਪ ਨੂੰ ਜੀਅ ਆਇਆਂ ਆਖਦੇ ਹਾਂ। ਸਾਨੂੰ ਬੜਾ ਮਾਣ ਹੈ ਕਿ ਤੁਹਾਡੇ ਵਰਗੇ ਵਿਦਵਾਨ ਸਾਡੇ ਕੋਲੇ ਪਹੁੰਚੇ ਹਨ। ਕੀ ਤੁਹਾਨੂੰ ਵੈਨਕੂਵਰ ਅਤੇ ਬੀ ਸੀ ਦੇ ਸ਼ਹਿਰ ਪਸੰਦ ਆਏ ?

ਸ. ਡੋਡ : ਮੈਨੂੰ ਵੈਨਕੂਵਰ ਅਤੇ ਬੀ ਸੀ ਬਹੁਤ ਪਸੰਦ ਆਇਆ ਹੈ। ਏਥੇ ਜੋ ਪੰਜਾਬੀ ਭਾਈਚਾਰਾ ਹੈ, ਜੋ ਪੰਜਾਬ ਤੋਂ ਆਏ ਲੋਕ ਹਨ, ਉਨ੍ਹਾਂ ਦਾ ਜੀਵਨ ਪੱਧਰ ਉਨ੍ਹਾਂ ਦੀ ਰਹਿਣੀ ਬਹਿਣੀ ਅਤੇ ਉਨ੍ਹਾਂ ਦਾ ਬੀ ਸੀ ਵਿਚ ਪ੍ਰਭਾਵ ਦੇਖ ਕੇ ਮੈਂ ਨਿਹਾਇਤ ਹੀ ਪ੍ਰਭਾਵਤ ਹੋਇਆ ਹਾਂ।

ਚਰਨਪਾਲ : ਅੱਜ ਤੁਸੀਂ ਵਿਕਟੋਰੀਆ ਅਸੈਂਬਲੀ ਵੀ ਦੇਖਣ ਗਏ ਸੀ, ਤੁਹਾਨੂੰ ਪੰਜਾਬ ਦੀ ਅਸੈਂਬਲੀ ਤੇ ਏਥੋਂ ਦੀ ਅਸੈਂਬਲੀ ਦੇ ਕੰਮ ਕਾਰ ਵਿਚ ਕੀ ਫਰਕ ਦੇਖਣ ਨੂੰ ਮਿਲਿਆ।

ਸ: ਡੋਡ : ਪੰਜਾਬ ਦੀ ਅਸੈਂਬਲੀ ਦਾ ਪੈਟਰਨ ਵੀ ਉਹੋ ਹੀ ਹੈ ਜੋ ਬ੍ਰਿਟਿਸ਼ ਤੋਂ ਗ੍ਰਹਿਣ ਕੀਤਾ ਹੈ ਤੇ ਕੈਨੇਡਾ ਦੀ ਅਸੈਂਬਲੀ ਦਾ ਪੈਟਰਨ ਵੀ ਉਹੋ ਹੀ ਹੈ। ਸਿਸਟਮ ਕਰੀਬ ਇਕੋ ਜਿਹਾ ਹੀ ਹੈ ਤੇ ਜਾਣਿਆ ਪਹਿਚਾਣਿਆ ਹੀ ਲੱਗਿਆ ਹੈ।

ਚਰਨਪਾਲ : ਜਦੋਂ ਤੁਸੀਂ ਸਾਡੇ ਘਰਾਂ ਵਿਚ ਆਉਂਦੇ ਹੋ। ਮਿਤਰਾਂ, ਰਿਸ਼ਤੇਦਾਰਾਂ, ਨੂੰ ਮਿਲਦੇ ਹੋ, ਤੁਹਾਨੂੰ ਕਿਹੋ ਜਿਹਾ ਪ੍ਰਭਾਵ ਮਿਲਦਾ ਹੈ।

ਸ: ਡੋਡ : ਮੈਂ ਜਿਵੇਂ ਪਹਿਲਾਂ ਹੀ ਅਰਜ਼ ਕੀਤਾ ਹੈ ਮੈਨੂੰ ਐਸਾ ਪ੍ਰਭਾਵ ਮਿਲਦਾ ਹੈ ਕਿ ਸਾਡੇ ਲੋਕ ਜੋ ਇਥੇ ਕਾਰੋਬਾਰ ਕਰਦੇ ਹਨ ਤੇ ਰਹਿ ਰਹੇ ਹਨ

⟶

ਕੀ ਉਦੇਸ਼ ਹਨ ਏਕਤਾ ਤੇ ਅਖੰਡਤਾ ਦੇ ?

ਸੰਤ ਸਿੰਘ ਸੇਖੋਂ

ਨਾਗਾਲੈਂਡ ਵਿਚ ਕਾਂਗਰਸ ਦੀ ਜਿੱਤ ਪ੍ਰਧਾਨ ਮੰਤਰੀ ਲਈ ਵਿਸ਼ੇਸ਼ ਕਰਕੇ ਤੇ ਸਮੁੱਚੀ ਕਾਂਗਰਸ ਪਾਰਟੀ ਲਈ ਆਮ ਕਰਕੇ ਇਕ ਅਜਿਹਾ ਸੁਖ ਦਾ ਸਾਹ ਹੈ ਜਿਸ ਨੂੰ ਅੰਗਰੇਜ਼ੀ ਵਿਚ 'ਪੂਅਰ ਕੰਫਰਟ' (ਨਾ ਹੋਣ ਜਿਹੀ ਰਾਹਤ) ਕਿਹਾ ਜਾਂਦਾ ਹੈ। 1982 ਦੀਆਂ ਚੋਣਾਂ ਵਿਚ ਇਥੇ ਕਾਂਗਰਸ ਪਾਰਟੀ ਤੇ ਨੈਸ਼ਨਲ ਨਾਗਾਲੈਂਡ ਡੈਮੋਕਰੇਟਿਕ ਪਾਰਟੀ ਦੋਹਾਂ ਨੂੰ ਬਾਈ ਬਾਈ ਸਥਾਨ ਮਿਲੇ ਸਨ। ਇਸ ਉਪਰੰਤ ਨਾਗਾਲੈਂਡ ਪਾਰਟੀ ਦੇ ਅੱਠ ਵਿਧਾਇਕ ਕਾਂਗਰਸ ਪਾਰਟੀ ਨਾਲ ਮਿਲ ਗਏ ਸਨ ਤੇ ਕਾਂਗਰਸ ਪਾਰਟੀ ਦੀ ਸਰਕਾਰ ਬਣ ਗਈ ਸੀ। (ਹਾਲੀ ਦਲ ਬਦਲੀ ਵਿਰੋਧੀ ਕਾਨੂੰਨ ਨਹੀਂ ਬਣਿਆ ਸੀ) ਐਤਕੀਂ ਕਾਂਗਰਸ ਨੂੰ ਤੇਤੀ ਸਥਾਨ ਮਿਲ ਗਏ ਹਨ ਤੇ ਇਸ ਦਾ ਬਹੁਮਤ ਸਥਾਪਤ ਹੋ ਗਿਆ ਹੈ। ਪਰ ਇਤਨੇ ਥੋੜ੍ਹੇ ਬਹੁਮਤ ਨਾਲ ਉਸ ਰਾਜ ਵਿਚ ਕਾਂਗਰਸ ਪਾਰਟੀ ਲਈ ਪੰਜ ਸਾਲ ਸਰਕਾਰ ਚਲਾਈ ਜਾਣਾ ਮੁਸ਼ਕਲ ਪ੍ਰਤੀਤ ਹੁੰਦਾ ਹੈ।

ਇਸ ਤੋਂ ਪਹਿਲਾਂ ਪਿਛਲੇ ਸਾਲ ਕਾਂਗਰਸ ਨੇ ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਨਾਲ ਮਿਲ ਕੇ ਤੇ ਵੀਹ ਕੁ ਸਥਾਨ ਜਿੱਤ ਕੇ ਸੰਯੁਕਤ ਸਰਕਾਰ ਬਣਾਈ ਹੋਈ ਹੈ ਜਿਸ ਵਿਚ ਮੁੱਖ ਮੰਤਰੀ ਨੈਸ਼ਨਲ ਕਾਨਫਰੰਸ ਦੇ ਡਾ. ਫਾਰੂਕ ਅਬਦੁੱਲਾ ਹਨ।

ਪਰ ਕਾਂਗਰਸ ਦੀਆਂ ਇਹ ਜਿੱਤਾਂ ਭਾਰਤੀ ਸੰਘ ਅੱਗੇ ਦਰਪੇਸ਼ ਏਕਤਾ ਤੇ ਅਖੰਡਤਾ ਲਈ ਖਤਰੇ ਨੂੰ ਆਪਣੇ ਆਪ ਵਿਚ ਟਾਲ ਸਕਣ ਵਾਲੀਆਂ ਨਹੀਂ ਕਹੀਆਂ ਜਾ ਸਕਦੀਆਂ। ਏਕਤਾ ਤੇ ਅਖੰਡਤਾ ਨੂੰ ਉਸੇ ਤਰ੍ਹਾਂ ਖਤਰਾ ਬਣਿਆ ਹੋਇਆ ਹੈ ਜਿਸ ਤਰ੍ਹਾਂ ਕਾਂਗਰਸ ਪਾਰਟੀ ਤੇ ਭਾਰਤੀ ਜਨਤਾ ਪਾਰਟੀ ਦੇ ਵਾਵੇਲੇ ਤੋਂ ਪ੍ਰਤੀਤ ਹੁੰਦਾ ਹੈ।

ਗੱਠਜੋੜ

ਜੰਮੂ-ਕਸ਼ਮੀਰ ਵਿਚ ਡਾ. ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਪਾਰਟੀ ਦਾ ਗੱਠਜੋੜ ਪੀਡਾ ਨਹੀਂ, ਇਸ ਦੇ ਛੇਤੀ ਹੀ ਖੁਲ੍ਹ ਜਾਣ ਦਾ ਖਤਰਾ ਹੈ, ਜਿਵੇਂ ਸਰਦੀਆਂ ਵਿਚ ਸਰਕਾਰੀ ਦਫਤਰ ਸ੍ਰੀਨਗਰ ਤੋਂ ਜੰਮੂ ਤਬਦੀਲ ਕਰਨ ਦੀ ਪ੍ਰਥਾ ਨੂੰ ਹਟਾਉਣ ਦੀ ਕੋਸ਼ਿਸ਼ ਨੇ ਸਿੱਧ ਕਰ ਦਿੱਤਾ ਹੈ। ਪਹਿਲਾਂ ਡਾ. ਫਾਰੂਕ ਅਬਦੁੱਲਾ ਦਾ ਇਰਾਦਾ ਸਾਰੇ ਦਫਤਰਾਂ ਦੀ ਬਦਲੀ ਬੰਦ ਕਰਨ ਦਾ ਸੀ। ਫਿਰ ਉਸ ਨੇ ਜੰਮੂ ਸੂਬੇ ਦੇ ਲੋਕਾਂ ਦੀ ਨਾਰਾਜ਼ਗੀ ਤੋਂ ਡਰਦਿਆਂ ਅੱਧੇ ਕੁ ਦਫਤਰ ਜੰਮੂ ਬਦਲ ਜਾਣ ਦਿੱਤੇ। ਇਸ ਉਪਰ ਜੰਮੂ ਵਿਚ ਬਹੁਤ ਰੌਲਾ ਪਿਆ, ਵਕੀਲਾਂ ਦੀ ਸਭਾ ਨੇ ਹੜਤਾਲ ਕਰ ਦਿੱਤੀ ਤੇ ਇਹ ਹੜਤਾਲ ਸਾਰੇ ਜੰਮੂ ਸੂਬੇ ਵਿਚ ਫੈਲ ਗਈ। ਇਸ ਤੋਂ ਡਰਕੇ ਡਾ. ਫਾਰੂਕ ਅਬਦੁੱਲਾ ਨੇ ਪਹਿਲਾਂ ਵਾਕਰ ਹੀ ਸਾਰੇ ਦਫਤਰ ਸਰਦ ਰੁਤ ਲਈ ਜੰਮੂ ਤਬਦੀਲ ਕਰਨਾ ਮੰਨ ਲਿਆ। ਹੁਣ ਸ੍ਰੀਨਗਰ ਵਿਚ ਇਸ ਤਬਦੀਲੀ ਵਿਰੁਧ ਹੜਤਾਲ ਹੋਈ ਹੋਈ ਹੈ।

ਗੱਲ ਸਪਸ਼ਟ ਹੈ, ਜੰਮੂ ਤੇ ਕਸ਼ਮੀਰ ਦਾ ਗਠਜੋੜ ਝੋਟੇ ਤੇ ਬਲਦ ਦੀ ਜੋੜੀ ਵਰਗਾ ਹੈ ਜੋ ਪੰਜਾਬ ਵਿਚ ਬਹੁਤੇ ਕਿਰਸਾਣਾਂ ਨੂੰ ਗਰੀਬੀ ਦੀ ਮਜਬੂਰੀ ਕਰਕੇ ਬਣਾਉਣੀ ਪੈਂਦੀ ਸੀ। ਭਾਰਤ ਸਰਕਾਰ ਵੀ ਜੰਮੂ ਦੇ ਝੋਟੇ ਤੇ ਕਸ਼ਮੀਰ ਦੇ ਬਲਦ ਨੂੰ ਇਸ ਤਰ੍ਹਾਂ ਆਪਣੀ ਸੰਘਵਾਦੀ ਅਥਵਾ ਅਖੰਡਤਾਵਾਦੀ ਮਜਬੂਰੀ ਅਧੀਨ ਇਕੱਠੇ ਰੱਖ ਰਹੀ ਹੈ। ਜੰਮੂ-ਕਸ਼ਮੀਰ ਰਾਜ ਵਿਚ ਕਸ਼ਮੀਰ ਦੀ ਵਸੋਂ ਜੰਮੂ ਨਾਲੋਂ ਦੂਗਣੀ ਹੈ। ਕਸ਼ਮੀਰ ਦੀ ਵਸੋਂ ਵਿਚ ਚੋਖਾ ਭਾਗ, ਵਿਸ਼ੇਸ਼ ਕਰਕੇ ਉਤਰ ਵੱਲ ਮੁਜ਼ੱਫਰ ਨਗਰ ਜ਼ਿਲੇ ਦਾ ਇਧਰ ਰਹਿ ਗਿਆ ਭਾਗ ਤੇ ਪੁਣਛ ਦੇ ਭਾਗ ਦੀ ਵਸੋਂ, ਜਿਹੜੀ ਅਸਲ ਵਿਚ ਪੰਜਾਬੀ ਹੈ, ਭਾਰਤੀ ਸੰਘ ਵਿਚ ਰਹਿਣ ਲਈ ਉਤਨੀ ਦ੍ਰਿੜ੍ਹ ਨਹੀਂ ਜਿਤਨੀ ਸ੍ਰੀਨਗਰ ਦੀ ਕਸ਼ਮੀਰੀ ਵਸੋਂ, ਕਾਰਨ ਇਹ ਹੈ ਕਿ ਸ੍ਰੀਨਗਰ ਦੀ ਵਸੋਂ ਨੂੰ ਪਾਕਿਸਤਾਨ ਵਿਚ ਜਾ ਕੇ ਆਪਣੀ ਸਥਿਤੀ ਦੇ ਕਮਜ਼ੋਰ ਹੋ ਜਾਣ ਦਾ ਖਤਰਾ ਹੈ। ਹੁਣ ਉਨ੍ਹਾਂ ਨੂੰ ਭਾਰਤੀ ਸੰਘ ਵਿਚ ਰਹਿ ਕੇ ਪਾਕਿਸਤਾਨ ਵਿਰੁਧ ਆਪਣੀ ਸਥਿਤੀ ਤਕੜੀ ਬਣਾਉਣ ਲਈ ਜੰਮੂ ਦੀ ਹਿੰਦੂ ਵਸੋਂ ਦਾ ਸਹਾਰਾ ਹੈ। ਇਹ ਗੱਠਜੋੜ ਜੰਮੂ ਦੇ ਲੋਕਾਂ ਲਈ ਲਾਹੇਵੰਦਾ ਨਹੀਂ, ਪਰ ਉਹ ਭਾਰਤ ਦੀ ਅਖੰਡਤਾ ਲਈ ਇਹ ਕੁਰਬਾਨੀ ਕਰਨ ਲਈ ਤਿਆਰ ਹਨ। ਉਨ੍ਹਾਂ ਨੂੰ ਕਸ਼ਮੀਰ ਨੂੰ ਭਾਰਤ ਵਿਚ ਰੱਖ ਕੇ ਸ਼ਾਇਦ ਕੁਝ ਆਰਥਿਕ ਲਾਭ ਵੀ ਹੁੰਦੇ ਹੋਣ ਪਰ ਵਰਤਮਾਨ ਸਥਿਤੀ ਵਿਚ ਉਨ੍ਹਾਂ ਦੀ ਭਾਰਤੀ ਹਉਮੈ ਜ਼ਰੂਰ ਸੰਤੁਸ਼ਟ ਹੁੰਦੀ ਹੈ। ਦੂਜੇ ਪਾਸੇ ਉਨ੍ਹਾਂ ਲਈ ਭਾਰਤੀ ਸੰਘ ਵਿਚ ਇਕ ਵੱਖਰਾ ਰਾਜ ਬਣੇ ਰਹਿਣਾ ਔਖਾ ਹੈ, ਉਨ੍ਹਾਂ ਨੂੰ ਹਿਮਾਚਲ ਪ੍ਰਦੇਸ਼ ਨਾਲ ਜੁੜਨਾ ਪਵੇਗਾ, ਕਿਉਂਕਿ ਹਿਮਾਚਲ ਪ੍ਰਦੇਸ਼ ਵਿਚ ਵੀ ਵਸੋਂ ਦੀ ਬਹੁਗਿਣਤੀ ਡੋਗਰਾ ਹੈ। ਭਾਰਤ ਸਰਕਾਰ ਤਾਂ ਸਪਸ਼ਟ ਹੀ ਅਜਿਹੇ ਪ੍ਰਬੰਧ ਨੂੰ ਪਸੰਦ ਨਹੀਂ ਕਰੇਗੀ। ਸੋ ਉਸ ਨੇ ਜੰਮੂ ਦੇ ਲੋਕਾਂ ਨੂੰ ਕਸ਼ਮੀਰੀਆਂ ਕੋਲ ਗਹਿਣੇ ਧਰ ਕੇ ਉਨ੍ਹਾਂ ਨੂੰ ਭਾਰਤੀ ਸੰਘ ਵਿਚ ਰਹਿਣ ਲਈ ਮਨਾਇਆ ਹੋਇਆ ਹੈ। ਪਰ ਇਹ ਗਹਿਣਾ ਜੰਮੂ ਦੇ ਲੋਕਾਂ ਉਤੇ ਵੀ ਤੇ ਕਸ਼ਮੀਰੀ ਲੋਕਾਂ ਉਤੇ ਵੀ ਇਕ ਪ੍ਰਕਾਰ ਦਾ ਗ੍ਰਹਿਣ ਹੈ। ਇਸੇ ਤਰ੍ਹਾਂ 1966 ਤੋਂ ਪਹਿਲਾਂ ਭਾਰਤ ਸਰਕਾਰ ਨੇ ਪੰਜਾਬ ਤੇ ਹਰਿਆਣਾ ਦਾ ਗਠਜੋੜ ਕੀਤਾ ਹੋਇਆ ਸੀ। ਉਸ ਗਠਜੋੜ ਦੇ ਟੁੱਟਣ ਨਾਲ ਪੰਜਾਬ ਤੇ ਹਰਿਆਣਾ ਦੋਹਾਂ ਨੂੰ ਬੜੇ ਆਰਥਿਕ ਤੇ ਪ੍ਰਸ਼ਾਸਨਿਕ ਲਾਭ ਪ੍ਰਾਪਤ ਹੋਏ ਸਨ ਪਰ ਭਾਰਤ ਸਰਕਾਰ ਦੀ ਕੂਟਨੀਤੀ ਨੇ ਪੰਜਾਬ ਵਿਚ ਕਾਂਗਰਸੀ ਤਾਕਤ ਘਟ ਜਾਣ ਨੂੰ ਪ੍ਰਵਾਨ ਨਾ ਕੀਤਾ ਤੇ ਕਈ ਪ੍ਰਕਾਰ ਦੇ ਹੱਥਕੰਡੇ ਵਰਤ ਕੇ ਅੰਤ ਉਹ ਹਾਲਾਤ ਪੈਦਾ ਕਰ ਦਿਤੇ ਜਿਨ੍ਹਾਂ ਦਾ ਫਲ ਹੁਣ ਸਾਰਾ ਦੇਸ਼ ਭੁਗਤ ਰਿਹਾ ਹੈ। ਇਨ੍ਹਾਂ ਹੱਥਕੰਡਿਆਂ ਨਾਲ ਪੰਜਾਬ ਨੇ ਤਾਂ ਕਾਂਗਰਸ ਦੇ ਅਧੀਨ ਕੀ ਆਉਣਾ ਸੀ, ਹਰਿਆਣਾ ਵੀ ਇਸ ਦੇ ਘੇਰੇ ਵਿਚੋਂ ਨਿਕਲ ਗਿਆ ਹੈ।

ਤੀਜੇ ਪਾਸੇ ਧੁਰ ਦੱਖਣ ਨੂੰ ਲੈ ਲਵੋ। ਉਥੇ ਕਾਂਗਰਸੀ ਨੇ ਰਾਮਚੰਦਰਨ ਦੀ ਪਾਰਟੀ ਨੂੰ ਦ੍ਰਾਵੜ ਮੁਨੇਤਰ ਕੜਗਮ ਨਾਲੋਂ ਵੱਖ ਕਰਕੇ ਤੇ ਇਸ ਨਾਲ ਗੱਢ-ਤ੍ਰੁੱਪ ਕਰਕੇ ਦ੍ਰਾਵੜ ਮੁਨੇਤਰ ਕੜਗਮ ਨੂੰ ਕਰੀਬ ਕਰੀਬ ਪੱਕੀ ਤਰ੍ਹਾਂ ਸੱਤਾ ਤੋਂ ਹੀਣ ਕਰ ਦਿੱਤਾ ਪਰ ਰਾਮ ਚੰਦਰਨ ਵਾਲੀ ਅੰਨਾ ਮੁਨੇਤਰ ਕੜਗਮ ਵੀ ਕਾਂਗਰਸ ਦੀ ਉਤਨਾ ਚਿਰ ਹੀ ਸਮਰਥਕ ਹੈ, ਜਿਤਨਾ ਚਿਰ ਕਾਂਗਰਸ ਉਥੇ ਦੁਤੀਆ ਪਦਵੀ ਵਿਚ ਰਹਿਣ ਨੂੰ ਤਿਆਰ ਹੈ, ਜਿਸ ਤਰ੍ਹਾਂ ਜੰਮੂ-ਕਸ਼ਮੀਰ ਵਿਚ। ਹੁਣ ਜਦੋਂ ਸ੍ਰੀਲੰਕਾ ਵਿਚ ਤਾਮਿਲਾਂ ਨੇ ਇਕ ਅਤਿ ਔਖੀ ਸਥਿਤੀ ਉਤਪੰਨ ਕਰ ਦਿੱਤੀ ਸੀ। ਤਾਂ ਰਾਮਚੰਦਰਨ ਦੀ ਅੰਨਾ ਦ੍ਰਾਵੜ ਕੜਗਮ ਦੇ ਦਬਾਓ ਅਧੀਨ ਭਾਰਤ ਸਰਕਾਰ ਨੂੰ ਸ੍ਰੀਲੰਕਾ ਵਿਚ ਦਖਲ ਦੇਣਾ ਪਿਆਂ, ਜਿਸ ਨਾਲ ਉਹ ਅਜਿਹੀ ਕੁੜਿਕੀ ਵਿਚ ਫਸ ਗਈ ਹੈ ਕਿ ਨਾ ਸ੍ਰੀਲੰਕਾ ਦੇ ਤਾਮਿਲ ਤੇ ਨਾ ਤਾਮਿਲਨਾਡੂ ਦੇ ਤਾਮਿਲ ਇਸ ਨਾਲ ਖੁਸ਼ ਹਨ ਤੇ ਉਹ ਦਿਨ ਦੂਰ ਨਹੀਂ ਪ੍ਰਤੀਤ ਹੁੰਦਾ ਜਦੋਂ 1967 ਤੋਂ ਪਹਿਲਾਂ ਦੀ ਦ੍ਰਾਵੜ ਮੁਨੇਤਰ ਕੜਗਮ ਵਾਕਰ ਅੰਨਾ ਦ੍ਰਾਵੜ ਮੁਨੇਤਰ ਕੜਗਮ ਵੀ ਭਾਰਤ ਨਾਲੋਂ ਅਲੱਗ ਹੋਣ ਦਾ ਬੀੜਾ ਚੁੱਕ ਲਵੇਗੀ।

ਕਪਟੀ ਨੀਤੀਆਂ

ਚੌਥੇ ਥਾਂ ਕਾਂਗਰਸ ਪਾਰਟੀ ਦੀਆਂ ਕਪਟੀ ਨੀਤੀਆਂ ਕਾਰਨ ਹੀ ਦਾਰਜੀਲਿੰਗ ਦੇ ਜ਼ਿਲੇ ਵਿਚ ਗੋਰਖਾ ਨੈਸ਼ਨਲ ਫਰੰਟ ਨੇ ਊਧਮ ਮਚਾਇਆ ਹੋਇਆ ਹੈ। ਉਥੇ ਗੋਰਖਾ ਲੋਕ ਪੱਛਮੀ ਬੰਗਾਲ ਨਾਲੋਂ ਵੱਖਰਾ ਇਕ ਗੋਰਖਾ ਰਾਜ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦੀ ਇਸ ਮੰਗ ਨੂੰ ਪੂਰੀ ਤਰ੍ਹਾਂ ਅਯੋਗ ਕਰਾਰ ਨਹੀਂ ਦਿੱਤਾ ਜਾ ਸਕਦਾ। ਜਿਸ ਸੋਵੀਅਤ ਯੂਨੀਅਨ ਦੀਆਂ ਨੀਤੀਆਂ ਨਾਲ (ਸਮਾਜਵਾਦ ਦੀ ਸਥਾਪਤੀ ਲਈ ਕਦਮ ਚੁੱਕਣ ਤੋਂ ਛੁੱਟ) ਭਾਰਤੀ ਸਰਕਾਰ ਬੜੇ ਜ਼ੋਰ-ਸ਼ੋਰ ਨਾਲ ਸੰਮਤੀ ਪ੍ਰਗਟ ਕਰਦੀ ਰਹਿੰਦੀ ਹੈ, ਉਹ ਗੋਰਖਾ ਨੈਸ਼ਨਲ ਫਰੰਟ ਦੀ ਮੰਗ ਬਾਰੇ ਸੋਵੀਅਤ ਸੰਘ ਦੀ ਨੀਤੀ ਅਨੁਸਾਰ ਕਦਮ ਚੁੱਕਣ ਦੀ ਥਾਂ ਉਸ ਨੂੰ ਪੱਛਮੀ ਬੰਗਾਲ ਦੀ ਕਮਿਊਨਿਸਟ ਸਰਕਾਰ ਦੇ ਗਲ ਪਾ ਰਹੀ ਹੈ। ਪੱਛਮੀ ਬੰਗਾਲ ਦੀ ਸਰਕਾਰ ਵੀ ਹਿੰਦੂ ਸ਼ਾਵਨਵਾਦੀਆਂ (ਅਭਿਮਾਨੀ ਰਾਸ਼ਟਰਵਾਦੀਆਂ) ਦੀ ਵੋਟ ਗਵਾ ਲੈਣ ਤੋਂ ਡਰਦੀ ਗੋਰਖਾ ਨੈਸ਼ਨਲ ਫਰੰਟ ਨੂੰ ਕਈ ਕਿਸਮ ਦੇ ਲਾਰੇ ਲਾਉਂਦੀ ਹੈ, ਸਿੱਧੀ ਤਰ੍ਹਾਂ ਉਨ੍ਹਾਂ ਦੀ ਮੰਗ ਨੂੰ ਪੂਰੀ ਕਰਨ ਲਈ ਸੋਵੀਅਤ ਸੰਘ ਵਾਕਰ ਇਕ ਸਤਾ ਵਾਲਾ ਪ੍ਰਦੇਸ਼ ਸਥਾਪਤ ਕਰਨ ਦੀ ਨੀਤੀ ਉਤੇ ਨਹੀਂ ਚਲਦੀ। ਸੋ ਹਿੰਦੂ ਰਾਸ਼ਟਰੀ ਅਭਿਮਾਨ ਇਸ ਤਰ੍ਹਾਂ ਭਾਰਤ ਸਰਕਾਰ ਤੇ ਪੱਛਮੀ ਬੰਗਾਲ ਦੀ ਕਮਿਊਨਿਸਟ ਸਰਕਾਰ ਦੋਹਾਂ ਨੂੰ ਗਲਤ ਰਾਹ ਉਤੇ ਪਾਈ ਫਿਰਦਾ ਹੈ।

ਹੁਣ ਬਿਹਾਰ ਦੇ ਬਹੁਤੇ ਭਾਗ, ਮੱਧ ਪ੍ਰਦੇਸ਼ ਦੇ ਬਹੁਤੇ ਭਾਗ ਤੇ ਪੱਛਮੀ ਬੰਗਾਲ ਦੇ ਥੋੜ੍ਹੇ ਭਾਗ ਵਿਚ ਵਸਦੇ ਆਦਿ ਵਾਸੀ ਲੋਕ ਵੀ ਆਪਣਾ ਇਕ ਵੱਖਰਾ ਝਾਰਖੰਡ ਰਾਜ (ਪ੍ਰਦੇਸ਼) ਸਥਾਪਤ ਕਰਨ ਲਈ ਤਾਂਘਦੇ ਹਨ। ਹਾਲੀ ਤਕ ਇਨ੍ਹਾਂ ਲੋਕਾਂ ਦੀ ਹਾਲ-ਦੁਹਾਈ ਕੇਂਦਰੀ ਪੱਧਰ ਉਤੇ ਕੋਈ ਪ੍ਰਭਾਵ ਉਤਪੰਨ ਨਹੀਂ ਕਰ ਸਕੀ ਤੇ ਸਥਾਨਕ ਪੱਧਰ ਉਤੇ ਵੀ ਇਹ ਪ੍ਰਭਾਵ ਕਮਜ਼ੋਰ ਹੈ ਪਰ ਸਮੇਂ ਦੀ ਚਾਲ ਨੂੰ ਦੇਖਦਿਆਂ ਇਹ ਮੰਨਣਾ ਪਵੇਗਾ ਕਿ ਇਸ ਮੰਗ ਨੂੰ ਵੀ ਇਕ ਤੀਬਰ ਮੰਗ ਬਣਨ ਵਿਚ ਬਹੁਤਾ ਚਿਰ ਨਹੀਂ ਲੱਗੇਗਾ।

ਰਾਸ਼ਟਰੀ ਅਭਿਮਾਨ

ਜੇ ਭਾਰਤ ਸਰਕਾਰ ਨੂੰ ਹੁਣ ਤੱਕ ਚਲਾਉਣ ਵਾਲੀਕ ਕਾਂਗਰਸ ਪਾਰਟੀ ਵਿਚ ਨਿਯਮ ਪਾਲਣ ਦੀ ਦ੍ਰਿੜ੍ਹਤਾ (ਅਸੂਲ ਪ੍ਰਸਤੀ) ਹੋਵੇ ਤਾਂ ਉਹ ਅਜਿਹੀਆਂ ਮੰਗਾਂ ਨੂੰ ਉਠਣ ਤੋਂ ਪਹਿਲਾਂ ਹੀ ਸਰਚਾ ਦੇਵੇ, ਜਿਵੇਂ ਸੋਵੀਅਤ ਸੰਘ ਵਿਚ ਵੱਖ ਵੱਖ ਕੌਮੀਅਤਾਂ ਨੂੰ ਸਰਚਾ ਦਿੱਤਾ ਗਿਆ ਹੈ। ਇਹ ਅਜਿਹਾ ਇਸ ਕਰਕੇ ਨਹੀਂ ਕਰ ਸਕਦੀ ਕਿ ਇਹ ਪੂੰਜੀਵਾਦ-ਭੂਪਵਾਦ ਦੇ ਉਸ ਸਮਾਜਿਕ ਤੇ ਰਾਜਸੀ ਪ੍ਰਬੰਧ ਤੋਂ ਉਪਰ ਨਹੀਂ ਉਠ ਸਕਦੀ, ਜਿਸ ਵਿਚ ਇਕ ਵਰਗ ਨੂੰ ਦੂਜੇ ਵਰਗਾਂ ਦੀ ਲੁੱਟ-ਖਸੁੱਟ ਕਰਨ ਦੇ ਅਵਸਰ ਪ੍ਰਾਪਤ ਹੁੰਦੇ ਹਨ। ਭਾਰਤ ਦੀ ਪੂੰਜੀਵਾਦੀ ਸ਼੍ਰੇਣੀ ਹਿੰਦੀ ਰਾਸ਼ਟਰੀਅਤਾ ਦੇ ਭਾਵ ਨੂੰ ਉਭਾਰ ਕੇ ਭਾਰਤੀ ਰਾਸ਼ਟਰ ਨੂੰ ਹਿੰਦੀ-ਭਾਸ਼ੀ ਲੋਕਾਂ ਦਾ ਰਾਸ਼ਟਰ ਬਣਾਉਣ ਉਤੇ ਤੁਲੀ ਹੋਈ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਸਮਾਂ ਅਨੁਕੂਲ ਨਹੀਂ, ਸੋ ਹੁਣ ਕਈ ਪ੍ਰਕਾਰ ਦੇ ਢੌਂਗ ਰਚ ਕੇ ਹਿੰਦੀ ਰਾਸ਼ਟਰੀ ਅਭਿਮਾਨ ਨੂੰ ਪ੍ਰਫੁਲਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਇਸ ਹਿੰਦੀ ਅਭਿਮਾਨੀ ਰਾਸ਼ਟਰਵਾਦ ਨੇ ਹੀ ਅਜੋਕੇ ਭਾਰਤੀ ਸੰਘ ਵਿਚ ਸਾਰੇ ਪੁਆੜੇ ਪਾ ਰੱਖੇ ਹਨ। ਕੀ ਰਾਜੀਵ ਗਾਂਧੀ, ਕੀ ਤਿਵਾੜੀ, ਕੀ ਲੋਕ ਦਲੀਆ ਦੇਵੀ ਲਾਲ ਤੇ ਕੀ ਭਾਰਤੀ ਜਨਤਾ ਪਾਰਟੀ ਦੇ ਸੂਰਬੀਰ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਸਭ ਇਸ ਰਾਸ਼ਟਰੀ ਅਭਿਮਾਨ ਦੇ ਰੋਗ ਵਿਚ ਗ੍ਰੱਸੇ ਹੋਏ ਹਨ। ਇਹ ਇਕ ਅਜਿਹੇ ਭਾਰਤੀ ਸੰਘ ਦੀ ਪ੍ਰਾਪਤੀ ਉਤੇ ਵਿਕੇ ਬੈਠੇ ਹਨ, ਜਿਹੜਾ ਅਮਰੀਕੀ ਰਾਜ ਸੰਘ, ਸੋਵੀਅਤ ਸੰਘ, ਲੋਕਵਾਦੀ ਚੀਨ ਦੇ ਤੁੱਲ ਦਾ ਇਕ ਮਹਾਂਬਲੀ ਦੇਸ਼ ਹੋਵੇ। ਆਧੁਨਿਕ ਭਾਰਤੀ ਸੰਘ ਦਾ ਭੂਗੋਲਿਕ ਆਕਾਰ ਇਨ੍ਹਾਂ ਦੇ ਦਿਮਾਗਾਂ ਵਿਚ ਇਤਨਾ ਵਸਿਆ ਹੋਇਆ ਹੈ ਕਿ ਇਹ ਇਸ ਦੇ ਕੁਝ ਛੋਟੇਰੇ ਰਾਜਾਂ ਵਿਚ ਵੰਡੇ ਜਾਣ ਤੋਂ ਤ੍ਰਹਿੰਦੇ ਹਨ, ਜਿਵੇਂ ਇਹ ਸਾਰੇ ਇਸ ਵਡਾਕਾਰੀ ਸੰਘ ਦੇ ਮਾਲਕ ਹੋਣ। ਇਹ ਨਹੀਂ ਦੇਖਦੇ ਕਿ ਭਾਰਤੀ ਸੰਘ ਤੇ ਹੋਰ ਵਡਾਕਾਰ ਸੰਘਾਂ ਵਿਚਕਾਰ ਕਈ ਪ੍ਰਕਾਰ ਦੇ ਆਧਾਰ — ਰੂਪੀ ਭੇਦ ਹਨ। ਇਹ ਭਾਰਤੀ ਸੰਘ ਨੂੰ ਉਨ੍ਹਾਂ ਵਰਗਾ ਸੰਘ ਬਣਾਉਣ ਉਤੇ ਤੁਲੇ ਹੋਏ ਹਨ, ਜੋ ਭਾਰਤੀ ਸੰਘ ਨਹੀਂ ਬਣਾ ਸਕਦਾ। ਕੁਦਰਤ ਨੇ ਭਾਰਤੀ ਸੰਘ ਦਾ ਆਕਾਰ ਕੇਵਲ ਹਿੰਦੀ-ਭਾਸ਼ੀ ਲੋਕਾਂ ਦੀ ਇੱਛਾ ਅਨੁਸਾਰ ਨਹੀਂ ਬਣਾਉਣਾ। ਜੇ ਕੁਦਰਤ ਨੂੰ ਇਹ ਮਨਜ਼ੂਰ ਹੁੰਦਾ ਤਾਂ ਦੱਖਣੀ, ਪੂਰਬੀ ਤੇ ਪੱਛਮੀ ਭਾਰਤ ਦੇ ਸਾਰੇ ਲੋਕ ਹਿੰਦੀ ਬੋਲੀ ਹੀ ਬੋਲਦੇ ਹੁੰਦੇ।

ਸੱਚ ਇਹ ਹੈ ਕਿ ਭਾਰਤੀ ਸੰਘ ਦੇ ਬਹੁਤੇ ਰਾਜ ਹਿੰਦੀ ਨੂੰ ਇਕ ਲੰਮੀ ਸੋਟੀ ਨਾਲ ਛੂਹਣਾ ਵੀ ਪਸੰਦ ਨਹੀਂ ਕਰਦੇ। ਉਹ ਹਿੰਦੀ-ਭਾਸ਼ੀ ਲੋਕਾਂ ਦੀ ਸਰਦਾਰੀ ਨੂੰ ਕਿਵੇਂ ਸਵੀਕਾਰ ਕਰ ਸਕਦੇ ਹਨ ? ਹਿੰਦੀ-ਭਾਸ਼ੀ ਲੋਕਾਂ ਦੀ ਪ੍ਰਤੀਨਿਧ ਭਾਰਤੀ ਕਾਂਗਰਸ ਨੂੰ ਭਾਰਤੀ ਸੰਘ ਨੂੰ ਇਕ ਅਜਿਹਾ ਰੂਪ ਦੇਣ ਲਈ ਸੋਚਣਾ ਚਾਹੀਦਾ ਹੈ ਜਿਸ ਨਾਲ ਭਾਰਤੀ ਸੰਘ ਦੇ ਹਿੰਦੀ ਨਾ ਬੋਲਣ ਵਾਲੇ ਲੋਕ ਵੀ ਸੰਤੁਸ਼ਟ ਹੋਣ। ਜੇ ਅੱਜ ਪੱਛਮੀ ਬੰਗਾਲ, ਤਾਮਿਲਨਾਡੂ, ਕਰਨਾਟਕ ਤੇ ਮਹਾਰਾਸ਼ਟਰ ਦੇ ਲੋਕ ਭਾਰਤੀ ਸੰਘ ਲਈ ਕਿਸੇ ਨਵੇਂ ਰੂਪ ਦੀ ਮੰਗ ਨਹੀਂ ਕਰਦੇ, ਤਾਂ ਇਸ ਲਈ ਕਿ ਉਨ੍ਹਾਂ ਦੀ ਕਲਪਨਾ ਨੇ ਜੋ ਸੰਘ ਇਸ ਸਮੇਂ ਤਕ ਬਣੇ ਹਨ, ਉਨ੍ਹਾਂ ਤੋਂ ਵੱਖਰੇ ਰੂਪ ਦਾ ਸੰਘ ਰੂਪ ਹਾਲੀ ਤਕ ਉਲੀਕਿਆ ਨਹੀਂ। ਆਧੁਨਿਕ ਭਾਰਤੀ ਸੰਘ ਵਿਚ ਰਾਜਾਂ ਲਈ ਵਧੇਰੇ ਸ਼ਕਤੀਆਂ ਦੀ ਮੰਗ ਵਾਸਤਵ ਵਿਚ ਉਸ ਪਾਸੇ ਹੀ ਇਕ ਕਦਮ ਹੈ, ਜਿਸ ਨੂੰ ਚੁੱਕਣ ਤੋਂ ਕਾਂਗਰਸ ਦੀ ਭਾਰਤੀ ਸਰਕਾਰ ਝਿਜਕਦੀ ਹੈ ਕਿਉਂਕਿ ਇਸ ਵਿਚ ਹਾਲੀ ਰਾਸ਼ਟਰੀ ਅਭਿਮਾਨ ਹੀ ਪ੍ਰਧਾਨ ਭਾਵ ਹੈ।

⟶

ਲੈਣਗੇ। ਇਕ ਸਮਾਂ ਅਜਿਹਾ ਵੀ ਸੀ ਜਦੋਂ ਚੰਦਰ ਸ਼ੇਖਰ ਪ੍ਰਸਤਾਵਿਤ ਸੰਘਰਸ਼ ਕਮੇਟੀ ਦਾ ਪੱਧਰ ਹੇਠਾਂ ਦਰਮਿਆਨਾ ਰੱਖਣਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਿਤੇ ਸ੍ਰੀ ਵੀ ਪੀ ਸਿੰਘ ਕਾਰਨ ਉਨ੍ਹਾਂ 'ਤੇ ਰਾਜਪੂਤਾਂ ਦੀ ਅਗਵਾਈ ਕਰਨ ਦਾ ਇਲਜ਼ਾਮ ਨਾ ਲੱਗ ਜਾਵੇ। ਪਰ ਹੁਣ ਜਨਤਾ ਪਾਰਟੀ ਦਾ ਪ੍ਰਧਾਨ ਸਰਗਰਮ ਭੂਮਿਕਾ ਅਦਾ ਕਰਨ ਲਈ ਮੰਨ ਗਿਆ ਹੈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਚੰਦਰ ਸ਼ੇਖਰ ਘੱਟ ਗਿਣਤੀਆਂ—ਪਾਸ ਕਰਕੇ ਮੁਸਲਮਾਨਾਂ ਅਤੇ ਸਿੱਖਾਂ ਵਿਚ ਬਹੁਤ ਹਰਮਨ ਪਿਆਰੇ ਹਨ। ਵਾਰਾਨਸੀ ਹੀ ਹੁਣੇ ਕੀਤੀ ਗਈ ਯਾਤਰਾ ਦੌਰਾਨ ਹਜ਼ਾਰਾਂ ਮੁਸਲਮਾਨਾਂ ਨੇ ਜਨਤਾ ਪਾਰਟੀ ਦੇ ਪ੍ਰਧਾਨ ਦੇ ਸਮਰਥਨ ਵਿਚ ਜ਼ਿੰਦਾਬਾਦ ਦੇ ਨਾਅਰੇ ਲਾਏ ਅਤੇ ਉਨ੍ਹਾਂ ਨਾਲ ਆਏ ਇਕ ਮੁਸਲਿਮ ਐਮ ਪੀ ਵਿਰੁਧ ਮੁਰਦਾਬਾਦ ਦੇ ਨਾਅਰੇ ਲਾਏ। ਜਨਤਾ ਪਾਰਟੀ ਅਤੇ ਜਨ ਮੋਰਚਾ ਨੂੰ ਹਰੀਜਨਾਂ ਅਤੇ ਪਛੜੇ ਵਰਗਾਂ ਦਾ ਸਮਰਥਨ ਮਿਲਣ ਦੀ ਆਸ ਹੈ। ਇਸ ਕੰਮ ਵਿਚ ਮੋਰਚੇ ਦੇ ਜਨਰਲ ਸਕੱਤਰ ਸ੍ਰੀ ਰਾਮ ਧਨ ਦੀ ਮੱਦਦ ਲਈ ਜਾਵੇਗੀ। ਪਿਛਲੇ ਵਰ੍ਹੇ ਚੰਦਰ ਸ਼ੇਖਰ ਅਤੇ ਰਾਮਧਨ ਵਿਚਕਾਰ ਮਤਭੇਦ ਪੈਦਾ ਹੋ ਗਏ ਸਨ ਅਤੇ ਰਾਮਧਨ ਕਾਂਗਰਸ (ਆਈ) ਵਿਚ ਵਾਪਸ ਚਲੇ ਗਏ ਸਨ। ਪਰ ਹੁਣ ਇਹ ਮਤਭੇਦ ਦੂਰ ਹੋ ਗਏ ਹਨ ਅਤੇ ਪੁਰਾਣਾ ਨਿੱਘਾ ਵਤੀਰਾ ਦੁਬਾਰਾ ਸਥਾਪਤ ਹੋ ਗਿਆ ਹੈ।

ਵਿਸ਼ਵਾਸਯੋਗਤਾ

ਆਖੀਰ ਵਿਚ ਵਿਰੋਧੀ ਪਾਰਟੀਆਂ ਦੇ ਨੇਤਾ ਕੀ ਕਰਨ ਵਿਚ ਸਫਲ ਹੁੰਦੇ ਹਨ, ਇਹ ਤਾਂ ਪ੍ਰਮਾਤਮਾ ਦੇ ਦਾਮਨ ਵਿਚ ਹੀ ਲੁਕਿਆ ਹੈ। ਪਰ ਇਕ ਗੱਲ ਸਪਸ਼ਟ ਹੈ ਕਿ ਪਿਛਲੇ ਇਕ ਵਰ੍ਹੇ ਵਿਚ ਹਾਲਤ ਉਨ੍ਹਾਂ ਦੇ ਅਨੁਕੂਲ ਬਣੀ ਹੈ। ਲੋਕ ਹੁਣ ਜਾਗਰਿਤ ਹਨ ਅਤੇ ਮੰਗਾਂ ਰੱਖ ਰਹੇ ਹਨ। ਪਰ ਜ਼ਿਆਦਾ ਜ਼ੋਰ ਸ਼ੋਰ ਨਾਲ ਵਿਰੋਧੀ ਪਾਰਟੀਆਂ ਨੂੰ ਸਮਰਥਨ ਦੀ ਆਸ ਲਗਦੀ ਨਹੀਂ ਕਿਉਂਕਿ ਸਾਡਾ ਜਨ ਸਾਧਾਰਨ ਸਿੱਧੇ ਸਵਾਲ ਦਾ ਸਿੱਧਾ ਉਤਰ ਚਾਹੁੰਦਾ ਹੈ। ਵਿਰੋਧੀ ਪਾਰਟੀਆਂ ਕੋਲ ਸ੍ਰੀ ਗਾਂਧੀ ਦੀ ਬਦਲ ਕਿਹੜਾ ਹੈ ? ਬਦਕਿਸਮਤੀ ਨੂੰ ਸੁਤੰਤਰ ਲੋਕਤੰਤਰ ਵਿਚ ਪਾਰਟੀਆਂ ਦੀ ਥਾਂ 'ਤੇ ਵਿਅਕਤੀ ਜ਼ਿਆਦਾ ਮਹੱਤਵਪੂਰਨ ਹੋ ਗਏ ਹਨ। ਇਹ ਸ੍ਰੀਮਤੀ ਮਾਰਗਰੇਟ ਥੈਚਰ ਦੇ ਮਾਮਲੇ ਵਿਚ ਵੀ ਸਪਸ਼ਟ ਹੁੰਦਾ ਹੈ। ਜਦੋਂ ਤਕ ਵਿਰੋਧੀ ਪਾਰਟੀਆਂ ਅਤੇ ਉਸ ਦੇ ਨੇਤਾ ਭਰੋਸੇਯੋਗਤਾ ਸਥਾਪਤ ਨਹੀਂ ਕਰ ਲੈਂਦੇ ਉਦੋਂ ਤੱਕ ਸਫਲਤਾ ਨਹੀਂ ਮਿਲੇਗੀ। 1977 ਪਿਛੋਂ ਇਸ ਭਰੋਸੇਯੋਗਤਾ ਨੂੰ ਸੱਟ ਵੱਜੀ ਸੀ ਅਤੇ ਇਸੇ ਦੇ ਫਲਸਰੂਪ ਜਨਤਾ ਪਾਰਟੀ ਦਾ ਨਿਘਾਰ ਹੋਇਆ ਸੀ। ਵਿਰੋਧੀ ਪਾਰਟੀਆਂ ਨੂੰ ਛੇਤੀ ਹੀ ਆਪਣੇ ਨੇਤਾ ਦਾ ਨਾਂ ਐਲਾਨ ਦੇਣਾ ਚਾਹੀਦਾ ਹੈ। ਪਹਿਲਾਂ ਸ੍ਰੀ ਐਨ ਟੀ ਰਾਮਾਰਾਓ, ਫੇਰ ਸ੍ਰੀ ਰਾਜੀਵ ਗਾਂਧੀ, ਉਸ ਪਿਛੋਂ ਅਕਾਲੀ ਦਲ ਅਤੇ ਅੰਤ ਵਿਚ ਅਸਾਮ ਦੀ ਏ ਜੀ ਪੀ ਪਾਰਟੀ ਨੇ ਵਿਖਾ ਦਿੱਤਾ ਹੈ ਕਿ ਲੋਕਾਂ ਦਾ ਪਿਆਰ ਅਤੇ ਵਿਸ਼ਵਾਸ ਚਮਤਕਾਰ ਕਰ ਸਕਦਾ ਹੈ। ਏਕਤਾ ਤੇ ਭੀੜ ਤੋਂ ਜ਼ਿਆਦਾ ਮਹੱਤਵਪੂਰਨ ਹੈ ਵਿਸ਼ਵਾਸਯੋਗਤਾ।

ਵਿਆਜ ਦਰਾਂ ਵਿਚ ਕਟੌਤੀ

ਬੰਬਈ — ਰੀਜ਼ਰਵ ਬੈਂਕ ਆਫ ਇੰਡੀਆ ਨੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਵਲੋਂ ਵਿਦੇਸ਼ੀ ਸਿੱਕੇ ਵਿਚ ਜਮਾਂ ਕਰਾਈਆਂ ਗਈਆਂ ਰਕਮਾਂ ਉਤੇ ਵਿਆਜ ਦਰਾਂ ਘਟਾਉਣ ਦਾ ਐਲਾਨ ਕੀਤਾ ਹੈ। ਇਸ ਫੈਸਲੇ ਅਨੁਸਾਰ ਇਕ ਸਾਲ ਤੱਕ ਦੇ ਖਾਤਿਆਂ ਉਤੇ 8.5 ਫੀਸਦੀ ਦੀ ਥਾਂ 8 ਫੀਸਦੀ ਇਕ ਸਾਲ ਤੋਂ ਵੱਧ ਅਤੇ ਦੋ ਸਾਲ ਤੋਂ ਘੱਟ ਸਮੇਂ ਲਈ ਜਮਾਂ ਰਕਮਾਂ ਉਤੇ 9.5 ਫੀਸਦੀ ਦੀ ਥਾਂ 9 ਫੀਸਦੀ ਅਤੇ ਦੋ ਸਾਲ ਤੋਂ ਵੱਧ ਪਰ ਤਿੰਨ ਸਾਲ ਤੋਂ ਘੱਟ ਰਕਮ ਉਤੇ ਦਸ ਫੀਸਦੀ ਦੀ ਥਾ 9.75 ਫੀਸਦੀ ਵਿਆਜ ਦਿੱਤਾ ਜਾਵੇਗਾ। ਅਮਰੀਕੀ ਡਾਲਰ ਉਤੇ ਵਿਆਜ ਘਟਾਏ ਜਾਣ ਪਿਛੋਂ ਹੀ ਭਾਰਤੀ ਰੀਜ਼ਰਵ ਬੈਂਕ ਤੇ ਵੀ ਵਿਆਜ ਦਰਾਂ ਵਿਚ ਕਟੌਤੀ ਦਾ ਫੈਸਲਾ ਕੀਤਾ ਹੈ। ਭਾਰਤੀ ਕਰੰਸੀ ਵਿਚ ਜਮ੍ਹਾਂ ਕਰਾਈਆਂ ਰਕਮਾਂ ਉਤੇ ਵਿਆਜ ਪਹਿਲਾਂ ਵਾਲਾ ਹੀ ਮਿਲਦਾ ਰਹੇਗਾ।

ਮਾਂ ਬੋਲੀ ਪੰਜਾਬੀ ਅਤੇ ਸੰਬੰਧਿਤ ਵਿਸ਼ੇ

-ਰਘੁਬੀਰ ਢੰਡ

ਭਾਵੇਂ ਪੰਜਾਬ ਦੇ ਬਹੁ-ਗਿਣਤੀ ਧਾਰਮਿਕ ਤੇ ਸ਼ਹਿਰੀ ਹਿੰਦੂ ਭਰਾਵਾਂ ਨੇ ਮਰਦਮਸ਼ੁਮਾਰੀ ਸਮੇਂ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਾ ਪੰਜਾਬ ਦੇ ਸਾਊ ਪੁੱਤ ਹੋਣ ਦਾ ਸਬੂਤ ਨਹੀਂ ਦਿੱਤਾ, ਭਾਵੇਂ ਸਾਡੀ ਹਿੰਦੂ ਬਰਾਦਰੀ ਦੇ ਮਨ ਵਿਚ ਹੁਣ ਵੀ ਪੰਜਾਬੀ ਬੋਲੀ ਬਾਰੇ, ਦਕਿਆਨੂਸੀ ਤੁਅੱਸਬ ਹੋਣ ਕਾਰਣ, ਕੋਈ ਖਾਸ ਸਤਿਕਾਰ ਨਹੀਂ ਹੈ, ਭਾਵੇਂ ਸਾਡੇ ਹਿੰਦੂ ਪਰਿਵਾਰ ਹੁਣ ਵੀ ਆਪਣੇ ਬੱਚਿਆਂ ਨੂੰ ਪੰਜਾਬੀ ਦੀ ਥਾਂ ਹਿੰਦੀ ਪੜ੍ਹਾਉਣ ਨੂੰ ਤਰਜੀਹ ਦਿੰਦੇ ਹਨ...ਪਰ ਸਚਾਈ ਇਹੀ ਹੈ ਕਿ ਪੰਜਾਬ ਦੇ ਹਰ ਫਿਰਕੇ ਦੀ ਮਾਂ ਬੋਲੀ ਪੰਜਾਬੀ ਹੀ ਹੈ। ਹਿੰਦੂ ਭਰਾਵਾਂ ਬਾਰੇ ਆਖੇ ਇਹ ਸ਼ਬਦ ਅਸੀਂ ਕਿਸੇ ਮੰਦੀ ਭਾਵਨਾ ਨਾਲ ਨਹੀਂ ਆਖੇ। ਭਰਾ ਭਰਾਵਾਂ ਨਾਲ ਮੰਦੀ ਭਾਵਨਾ ਨਹੀਂ ਰੱਖਿਆ ਕਰਦੇ, ਕਿਉਂਕਿ ਇਕ ਭਰਾ ਨੂੰ ਛੁਟਿਆਉਣ ਨਾਲ ਦੂਜੇ ਭਰਾ ਦਾ ਮੁੱਲ ਆਪਣੇ-ਆਪ ਘਟ ਜਾਂਦਾ ਹੈ। ਲੋੜ ਇਸ ਗੱਲ ਦੀ ਹੈ ਕਿ ਇਹ ਤੰਗ ਨਜ਼ਰੀ ਅਤੇ ਅਗਿਆਨ, ਮਜ਼ਹਬੀ ਕਦਰਾਂ 'ਤੇ ਅਧਾਰਿਤ ਭਰਮ ਤੇ ਸ਼ੰਕੇ, ਖੁਦਗਰਜ਼ ਤੇ ਪ੍ਰਤੀਕਿਰਿਆਵਾਦੀ ਰਾਜਨੀਤਕ ਤੇ ਸਮਾਜਕ ਅਨਸਰਾਂ ਵਲੋਂ ਪਾਏ ਅਜਿਹੇ ਪ੍ਰਭਾਵ ...ਇਨ੍ਹਾਂ ਦਾ ਵਿਸ਼ਲੇਸ਼ਣ ਕਰਕੇ ਗੁਮਰਾਹ ਹੋਏ ਭਰਾਵਾਂ ਨੂੰ ਪਿਆਰ, ਦਲੀਲ ਅਤੇ ਅਤਿ ਸਬਰ ਨਾਲ ਸਮਝਾ, ਠੀਕ ਰਾਹ 'ਤੇ ਲਿਆ, ਸਮੁੱਚੇ ਪੰਜਾਬੀ ਭਾਈਚਾਰੇ ਵਿਚ ਸਮੋਇਆ ਜਾਵੇ।

ਹਾਂ, ਸੱਚ ਇਹੀ ਹੈ ਕਿ ਪੰਜਾਬੀਆਂ ਦੀ ਮਾਂ ਬੋਲੀ ਪੰਜਾਬੀ ਹੈ, ਭਾਵੇਂ ਉਹ ਕਿਤੇ ਵੀ ਰਹਿੰਦੇ ਹੋਣ। ਕਿਉਂ ? ਕਿਉਂਕਿ ਇਹ ਬੋਲੀ ਜਾਗਣ ਤੋਂ ਸੌਣ ਤੀਕ ਸਾਡੇ ਹਰ ਵੱਡੇ-ਛੋਟੇ ਅਮਲ ਨਾਲ ਜੁੜੀ ਹੋਈ ਹੈ। ਸੌਂਦਿਆਂ ਇਸੇ ਬੋਲੀ ਵਿਚ ਸਾਨੂੰ ਸੁਪਨੇ ਆਉਂਦੇ ਹਨ ਅਤੇ ਇਸ ਦਾ ਸਾਥ ਤੇ ਪਿਆਰ ਮਾਂ-ਪਿਆਰ ਵਾਂਗ ਹਮੇਸ਼ਾ ਸਾਡੇ ਨਾਲ ਰਹਿੰਦਾ ਹੈ। ਕੱਪੜੇ ਪਾੜਦੇ-ਬਦਲਦੇ ਰਹਿੰਦੇ ਹਨ, ਕੰਮ ਬਦਲਦੇ ਰਹਿੰਦੇ ਹਨ, ਮੁਲਕ ਵੀ ਬਦਲ ਜਾਂਦੇ ਹਨ, ਇਥੋਂ ਤੀਕ ਕਿ ਕਈ ਵਾਰ ਸਭਿਆਚਾਰ ਵੀ ਬਦਲ ਜਾਂਦੇ ਹਨ — ਪਰ ਬੋਲੀ ਹੈ ਕਿ ਹਮੇਸ਼ਾ ਸਾਡਾ ਸਾਥ ਦਿੰਦੀ ਰਹਿੰਦੀ ਹੈ। ਜੇ. ਵੀ. ਸਟਾਲਿਨ ਕਹਿੰਦਾ ਹੈ :

"...ਸਮਾਜਿਕ ਵਿਕਾਸ ਦੇ ਹਰ ਨਵੇਂ ਪੜਾਅ ਵਿਚ ਸਭਿਆਚਾਰ ਦਾ ਤੱਤ ਬਦਲ ਜਾਂਦਾ ਹੈ, ਪਰ ਬੋਲੀ ਕਿੰਨੇ ਹੀ ਅਜਿਹੇ ਪੜਾਵਾਂ ਵਿਚ ਬੁਨਿਆਦੀ ਤੌਰ 'ਤੇ ਉਹੋ ਜਿਹੀ ਹੀ ਰਹਿੰਦੀ ਹੈ, ਅਤੇ ਪੁਰਾਣੇ ਅਤੇ ਨਵੇਂ ਦੋਹਾਂ ਦੀ ਇੱਕੋ ਜਿੰਨੀ ਸੇਵਾ ਕਰਦੀ ਰਹਿੰਦੀ ਹੈ।"[1]

ਮਾਂ ਬੋਲੀ ਦੀ ਮਹੱਤਤਾ

1. ਜਜ਼ਬਾਤੀ ਸਾਂਝ

ਕਿਸੇ ਨਾਲ ਰਾਹ ਤੁਰਦਿਆਂ ਵੀ ਸਾਡੀ ਜਜ਼ਬਾਤੀ ਸਾਂਝ ਪੈ ਜਾਂਦੀ ਹੈ। ਮਾਂ ਬੋਲੀ ਦਾ ਰਾਹੀ ਤਾਂ ਹਰ ਪਲ, ਜਨਮ ਤੋਂ ਮਰਨ ਤੀਕ, ਸਾਡੀ ਨਾੜ-ਨਾੜ ਵਿੱਚ ਸਫਰ ਕਰਦਾ ਹੈ। ਇਸੇ ਵਿੱਚ ਅਸੀਂ ਹੱਸਦੇ-ਗਾਉਂਦੇ ਰੋਂਦੇ ਹਾਂ, ਗਿੱਧੇ-ਭੰਗੜੇ ਪਾਉਂਦੇ ਹਾਂ, ਵੈਣ ਸੁਣ ਰੋਣ ਲਗਦੇ ਹਾਂ ਅਤੇ ਜਾਨਦਾਰ ਬੋਲ ਸੁਣ ਬਾਘੀਆਂ ਪਾਉਣ ਲਗਦੇ ਹਾਂ। ਮਾਂ ਦੀਆਂ ਲੋਰੀਆਂ, ਦਾਦੀਆਂ ਦੀਆਂ ਬਾਤਾਂ, ਭੈਣਾਂ ਨਾਲ ਜੁੜੇ ਲੋਕ ਗੀਤ ... ਇਹ ਸਭ ਅਸੀਂ ਉਮਰ-ਭਰ ਕੁੱਛੜ ਚੁੱਕੀ ਫਿਰਦੇ ਹਾਂ। ਮੁਕਦੀ ਗੱਲ ਇਹ ਕਿ ਸਾਡਾ ਹਰ ਜਜ਼ਬਾ ਮਾਂ ਬੋਲੀ ਦੇ ਜਾਦੂ ਨਾਲ ਹੀ ਧੜਕਦਾ ਹੈ, ਉਨ੍ਹਾਂ ਦਾ ਵੀ ਜਿਹੜੇ ਪੰਜਾਬੀ ਹੁੰਦੇ ਹੋਏ ਵੀ ਪੰਜਾਬੀ ਨੂੰ ਆਪਣੀ ਮਾਂ ਬੋਲੀ ਨਹੀਂ ਮੰਨਦੇ। ਇਥੇ ਇਕ ਨਿੱਕੀ ਜਿਹੀ ਘਟਨਾ ਸੁਣਾਉਣ ਦੀ ਆਗਿਆ ਚਾਹਾਂਗਾ। ਮੈਂ 1959 ਤੋਂ 1965 ਤੀਕ ਮੰਡੀ ਅਹਿਮਦਗੜ੍ਹ ਅਧਿਆਪਕ ਸਾਂ। ਮੇਰਾ ਇਕ ਅਧਿਆਪਕ ਸਾਥੀ ਬੰਗਾਲੀ ਸੀ — ਨਰਮ ਤੇ ਭਲਾਮਾਣਸ, ਜਿਸ ਨੂੰ ਕਿਸੇ ਨੇ ਕਦੀ ਗੁੱਸੇ ਹੋਇਆਂ ਨਹੀਂ ਸੀ ਵੇਖਿਆ। ਇਕ ਵਾਰ ਉਸ ਨੂੰ ਉਹ ਕਹਿਰ ਚੜ੍ਹਿਆ ਕਿ ਕੰਬਣ ਲੱਗ ਪਿਆ। ਗੱਲ ਇੰਜ ਹੋਈ ਕਿ ਮਰਦਮਸ਼ੁਮਾਰੀ ਕਰਨ ਆਏ ਕਰਮਚਾਰੀ ਨੇ ਉਸ ਨੂੰ ਹਿੰਦੂ ਸਮਝ ਮਾਂ ਬੋਲੀ ਵਾਲੇ ਖਾਨੇ ਵਿਚ 'ਹਿੰਦੀ' ਲਿਖ ਦਿੱਤਾ। "ਮੇਰੀ ਮਾਂ ਬੋਲੀ ਬੰਗਾਲੀ ਹੈ, ਬੰਗਾਲੀ ! ...ਕਿਉਂ ਲਿਖੀ ਹਿੰਦੀ ਤੂੰ ?" ਮੈਂ ਉਸ ਨੂੰ ਗਲਵਕੜੀ ਪਾ ਲਈ। ਮੇਰੀਆਂ ਅੱਖਾਂ ਭਰ ਆਈਆਂ। ਨਾਲ ਦੀ ਨਾਲ ਉਸ ਨੂੰ ਹੈਰਾਨੀ ਹੋਈ ਜਦੋਂ ਮੈਂ ਦੱਸਿਆ ਕਿ ਇਸ ਸਕੂਲ ਦੇ ਪੈਂਤੀ ਪੰਜਾਬੀ ਹਿੰਦੂ ਅਧਿਆਪਕਾਂ ਵਿਚੋਂ ਤੇਤੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦੀ ਥਾਂ ਹਿੰਦੀ ਲਿਖਵਾਈ ਹੈ, ਬਾਕੀ ਦੋਆਂ ਨੇ ਪੰਜਾਬੀ। ਉਹ ਪਿੰਡ ਦੇ ਰਹਿਣ ਵਾਲੇ ਸਨ ਅਤੇ ਵਾਹੀ ਵਾਲੇ ਲਾਣੇ ਵਿੱਚੋਂ ਆਏ ਸਨ।

ਨਿਰੰਜਣ ਸਿੰਘ ਨੂਰ ਠੀਕ ਕਹਿੰਦਾ ਹੈ : "ਮਾਂ ਬੋਲੀ ਮਾਂ ਦੇ ਦੁੱਧ ਵਾਂਗ ਮਿੱਠੀ ਅਤੇ ਸਿਹਤਬਖਸ਼ ਹੁੰਦੀ ਹੈ। ਆਪਣੀ ਬੋਲੀ ਤੋਂ ਬੇਮੁਖ ਹੋਏ ਮਨੁੱਖ ਨਾਲੋਂ ਵਧੇਰੇ ਕੰਗਾਲ ਕੌਣ ਹੋ ਸਕਦਾ ਹੈ।"[2]

ਸਾਡੇ ਵਿਚਾਰ ਵਿਚ ਇਸ ਨੁਕਤੇ ਦੀ ਸੰਸਾਰ ਵਿਆਪੀ ਸਚਾਈ ਦੇ ਸਬੂਤ ਲਈ ਹੋਰ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਹੈ। ਦੋ ਸੰਖੇਪ ਜਿਹੀਆਂ ਉਦਾਹਰਣਾਂ ਦੇਣੀਆਂ ਚਾਹਾਂਗੇ ਜਿਹੜੀਆਂ ਮਾਂ ਬੋਲੀ ਲਈ ਜਜ਼ਬਾਤੀ ਸਾਂਝ ਦੇ ਪ੍ਰਗਟਾਵੇ ਲਈ ਕਾਫੀ ਹੱਦ ਤੀਕ ਪ੍ਰਤੀਨਿਧ ਮਿਸਾਲਾਂ ਆਖੀਆਂ ਜਾ ਸਕਦੀਆਂ ਹਨ। ਪਹਿਲੀ ਮਿਸਾਲ ਹੈ ਹੈਮਿੰਗਵੇ ਦੇ ਇਕ ਪਾਤਰ ਰੌਬਰਟ ਜੌਰਡਨ ਦੀ। ਇਹ ਬੜਾ ਗੈਰਜਜ਼ਬਾਤੀ ਕਿਸਮ ਦਾ ਨਾਇਕ ਹੈ। ਜਿਸ ਦੀ ਮਾਂ ਬੋਲੀ ਸਪੇਨੀ ਦੀ ਥਾਂ ਅੰਗਰੇਜ਼ੀ ਹੈ, ਜਿਹੜਾ ਸਪੇਨ ਦੀ ਘਰੇਲੂ ਜੰਗ ਸਮੇਂ ਦੇਸ਼ ਭਗਤਾਂ ਦਾ ਸਾਥੀ ਹੈ ਅਤੇ ਇਕ ਪੁਲ ਉਡਾਉਣ ਦੇ ਮਿਸ਼ਨ ਨਾਲ ਆਇਆ ਹੈ। ਉਹ ਅਚਾਨਕ ਆਪਣੀ ਮਾਂ ਬੋਲੀ ਅੰਗਰੇਜ਼ੀ ਬੋਲਣ ਲਗ ਪੈਂਦਾ ਹੈ। ਪੁਛਣ 'ਤੇ ਆਖਦਾ ਹੈ : "ਜਦੋਂ ਮੈਂ ਬਹੁਤ ਥੱਕ,



ਘਬਰਾ ਜਾਂ ਉਪਰਾਮ ਹੋ ਜਾਂਦਾ ਹਾਂ, ਮੈਂ ਅੰਗਰੇਜ਼ੀ ਦੀ ਧੁਨੀ ਸੁਣਨ ਲਈ ਅੰਗਰੇਜ਼ੀ ਬੋਲਣ ਲਗ ਜਾਂਦਾ ਹਾਂ। ਇਹ ਆਵਾਜ਼ ਮੇਰੇ ਅੰਦਰ ਮੁੜ ਭਰੋਸਾ ਪੈਦਾ ਕਰ ਦਿੰਦੀ ਹੈ।"[3]

ਦੂਜੀ ਮਿਸਾਲ ਹੈ ਅਵਾਰ ਕਵੀ ਰਸੂਲ ਹਮਜ਼ਾਤੋਵ ਦੀ ਜਿਹੜਾ ਆਪਣੀ ਮਾਂ ਬੋਲੀ ਨੂੰ ਇਨ੍ਹਾਂ ਪਿਆਰੇ ਅਤੇ ਜਜ਼ਬਾਤੀ ਸ਼ਬਦਾਂ ਵਿਚ ਸ਼ਰਧਾਂਜਲੀ ਭੇਂਟ ਕਰਦਾ ਹੈ : "ਮੇਰੀ ਮਾਂ ਬੋਲੀ ਅਵਾਰ ! ਤੂੰ ਮੇਰਾ ਖਜ਼ਾਨਾ ਏਂ ਜਿਸ ਨੂੰ ਮੈਂ ਔਕੜ ਵਾਲੇ ਦਿਨਾਂ ਲਈ ਸੰਭਾਲ ਕੇ ਰੱਖਿਆ ਹੋਇਆ ਹੈ। ਤੂੰ ਮੇਰੇ ਸਾਰੇ ਰੋਗਾਂ ਦੀ ਦਵਾ ਏਂ। ਜੇ ਇਨਸਾਨ ਗਵੱਈਏ ਦਾ ਦਿਲ ਲੈ ਕੇ ਜੰਮਿਆ ਹੈ, ਪਰ ਉਹ ਗੂੰਗਾ ਹੈ ਤਾਂ ਚੰਗਾ ਹੁੰਦਾ ਜੇ ਉਹ ਜੰਮਦਾ ਹੀ ਨਾ। ਮੇਰੇ ਦਿਲ ਵਿਚ ਕਈ ਗੀਤ ਨੇ ਅਤੇ ਮੇਰੇ ਕੋਲ ਆਵਾਜ਼ ਵੀ ਹੈ। ਮੇਰੀ ਆਵਾਜ਼ ਤੂੰ ਏਂ, ਮੇਰੀ ਮਾਂ ਬੋਲੀ ਅਵਾਰ !"[4]

2. ਮਾਂ ਬੋਲੀ ਪਰੰਪਰਾਈ ਅਤੇ ਸਭਿਆਚਾਰਕ ਅਮੀਰੀ ਦੀ ਪ੍ਰਤੀਕ

ਜੇ ਸਾਦੇ, ਸਪਸ਼ਟ ਅਤੇ ਸੰਖੇਪ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਮਨੁੱਖ ਦੇ ਸਭ ਤੋਂ ਪਹਿਲੇ ਟੱਬਰ ਜਾਣੀ ਗੋਤਰ (ਕਲੈਨ) ਜੀਵਨ ਤੋਂ ਲੈ, ਜਨ (ਟ੍ਰਾਈਬਲ), ਕੌਮੀਅਤ ਜੀਵਨ ਵਿਚੋਂ ਗੁਜ਼ਰਦੇ ਹੋਏ, ਕੌਮੀ ਜੀਵਨ ਤੀਕ ਮਨੁੱਖ ਮਾਂ ਬੋਲੀ ਹੀ ਬੋਲਦਾ ਰਿਹਾ ਹੈ। ਭਾਵੇਂ ਮੁੱਢ ਵਿਚ ਬੋਲੀ ਦਾ ਰੂਪ ਹੋਰ ਹੋਵੇਗਾ, ਪਰ ਮਾਂ ਬੋਲੀ ਪੰਜਾਬੀ ਉਸ ਦੀ ਪੀੜ੍ਹੀ ਵਿਚੋਂ ਹੀ ਹੈ। ਇਨ੍ਹਾਂ ਪੜਾਵਾਂ ਦੀ ਪਰੰਪਰਾਈ ਅਤੇ ਸਭਿਆਚਾਰਕ ਪ੍ਰਾਪਤੀ ਸਾਡੀ ਅਮੀਰੀ ਹੈ ਜਿਸਦਾ ਢੁੱਕਵਾਂ ਅਤੇ ਕੁਦਰਤੀ ਪ੍ਰਗਟਾਉ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਵਿਚ ਹੀ ਕਰ ਸਕਦੇ ਹਾਂ। ਇਸ ਲਈ ਜਿਹੜੇ ਨਾਦਾਨ ਲੋਕ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਜਾਂਦੇ ਹਨ, ਉਨ੍ਹਾਂ ਦਾ ਕੋਈ ਮਜ਼ਬੂਤ ਸਭਿਆਚਾਰ ਅਤੇ ਪਰੰਪਰਾ ਨਹੀਂ ਹੁੰਦੀ, ਜਿੰਨ੍ਹਾਂ ਤੋਂ ਬਿਨਾਂ ਵਿਕਸਿਤ ਸ਼ਖਸੀਅਤ ਸੰਭਵ ਨਹੀਂ ਹੈ, ਅਤੇ ਇਹੋ ਜਿਹੀ ਸ਼ਖਸੀਅਤ ਇੱਕੋ ਅਜਨਬੀ ਬੁੱਲੇ ਨਾਲ ਧਰਤੀ 'ਤੇ ਆ ਢਹਿੰਦੀ ਹੈ ਜਾਂ ਵਹਿਣ ਨਾਲ ਵਹਿ ਤੁਰਦੀ ਹੈ। ਭਾਰਤ ਸਭਿਆਚਾਰਕ ਅਤੇ ਪਰੰਪਰਾਈ ਅਮੀਰੀ ਪੱਖੋਂ ਬੜਾ ਸ਼ਕਤੀਸ਼ਾਲੀ ਦੇਸ਼ ਹੈ ਇਹੀ ਕਾਰਣ ਹੈ ਕਿ ਇਹ ਹਰ ਸੰਕਟ ਵਿਚੋਂ ਸਾਲਮ-ਸਬੂਤਾ ਨਿਕਲ ਆਉਂਦਾ ਹੈ ਅਤੇ ਅੰਗਰੇਜ਼ੀ ਸਾਮਰਾਜ ਦੇ ਦੋ ਸੌ ਸਾਲ ਇਸ ਦੇ ਸਭਿਆਚਾਰਕ ਵਿਅਕਤਿਤਵ ਨੂੰ ਮਲੀਆਮੇਟ ਨਹੀਂ ਕਰ ਸਕੇ। ਜਿਨ੍ਹਾਂ ਦੀ ਆਪਣੀ ਕੋਈ ਬੋਲੀ ਅਤੇ ਸਭਿਆਚਾਰ ਨਹੀਂ ਹੁੰਦਾ ਉਹ ਰੂੰ ਵਰਗੇ ਹੁੰਦੇ ਹਨ। ਬਾਹਰੋਂ ਉਜਲੇ, ਅੰਦਰੋਂ ਖੋਖਲੇ ! ਵੀਤਨਾਮੀ ਨੇਤਾ ਤਰੂੰਗ ਚਿੰਨ੍ਹ ਆਪਣੀ ਮਾਂ ਬੋਲੀ ਬਾਰੇ ਕਹਿੰਦਾ ਹੈ: "ਸਾਡੇ ਲੋਕਾਂ ਨੇ ਹਾਲੀਂ ਤੀਕ ਵੀਤਨਾਮੀ ਕਿਰਦਾਰ ਤੇ ਰੂਹ ਸਾਂਭ ਕੇ ਰੱਖੀ ਹੋਈ ਹੈ ਅਤੇ ਇਹ ਕਿਰਦਾਰ ਅਤੇ ਰੂਹ ਸਾਡੀ ਬੋਲੀ ਵਿਚ ਰੂਪਮਾਨ ਹੁੰਦੇ ਹਨ।[5]

ਇਹ ਸਚਾਈ ਸਾਡੇ ਅਤੇ ਸਾਡੀ ਮਾਂ ਬੋਲੀ 'ਤੇ ਵੀ ਲਾਗੂ ਹੁੰਦੀ ਹੈ।

3. ਮਾਂ ਬੋਲੀ ਅਤੇ ਮਨੁੱਖੀ ਵਿਕਾਸ

ਅਸੀਂ ਉਪਰ ਦਰਸਾ ਚੁੱਕੇ ਹਾਂ ਕਿ ਜਿਹੜੇ ਮਨੁੱਖ ਆਪਣੀ ਮਾਂ ਬੋਲੀ ਨਹੀਂ ਬੋਲ ਸਕਦੇ ਜਾਂ ਉਸ ਦੀ ਯੋਗ ਕਦਰ ਨਹੀਂ ਕਰਦੇ, ਉਨ੍ਹਾਂ ਦੀ ਸ਼ਖਸ਼ੀਅਤ ਵਿਚ ਸਭਿਆਚਾਰਕ ਅਮੀਰੀ ਨਹੀਂ ਹੁੰਦੀ। ਉਹ ਬੜੀ ਮਸਨੂਈ ਅਤੇ ਸਤਹੀ ਪੱਧਰ ਦੀ ਸ਼ਖਸ਼ੀਅਤ ਦੇ ਮਾਲਕ ਹੁੰਦੇ ਹਨ। ਨਸਲ ਸ਼ਾਸਤਰ (Ethnography) ਸਿੱਧ ਕਰਦਾ ਹੈ ਕਿ ਜੇ ਬੋਲੀ ਹੋਂਦ ਵਿਚ ਨਾ ਆਉਂਦੀ ਤਾਂ ਮਨੁੱਖ ਨੇ ਮਨੁੱਖ ਨਹੀਂ ਜਾਨਵਰ ਦਾ ਜਾਨਵਰ ਹੀ ਰਹਿਣਾ ਸੀ। ਉਸ ਦਾ ਵਿਕਾਸ ਤੇ ਹੋਂਦ ਉਹੋ ਜਿਹੀ ਹੀ ਹੁੰਦੀ ਜਿਹੋ ਜਿਹੀ ਅਸੀਂ ਜੰਗਲਾਂ ਵਿਚ ਜਾਨਵਰਾਂ ਦੀ ਵੇਖਦੇ ਹਾਂ। ਇਸ ਲਈ ਅਸੀਂ ਆਖ ਸਕਦੇ ਹਾਂ ਕਿ ਮਨੁੱਖ ਦੀ ਸਭ ਤੋਂ ਹੈਰਾਨਕੁਨ ਸਿਰਜਣਾ ਬੋਲੀ ਦੀ ਸਿਰਜਣਾ ਹੈ। ਇਸ ਤੱਥ ਨੂੰ ਸਟਾਲਿਨ ਨੇ ਬੜਾ ਨਿਖਾਰ ਕੇ ਇੰਜ ਪੇਸ਼ ਕੀਤਾ ਹੈ :

"ਤਾਰੀਖ ਵਿਚ ਇਕ ਵੀ ਅਜਿਹਾ ਮਨੁੱਖੀ ਸਮਾਜ ਨਹੀਂ ਮਿਲਦਾ — ਭਾਵੇਂ ਉਹ ਕਿੰਨਾ ਵੀ ਪਛੜਿਆ ਹੋਇਆ ਕਿਉਂ ਨਾ ਹੋਵੇ — ਜਿਸ ਦੀ ਆਪਣੀ ਕੋਈ ਬੋਲੀ ਜਾਣ ਵਾਲੀ ਬੋਲੀ ਨਾ ਹੋਵੇ। ... ਮਨੁੱਖੀ ਤਾਰੀਖ ਵਿਚ ਬੋਲੀ ਵੀ ਇਕ ਸ਼ਕਤੀ ਸੀ ਜਿਸ ਨੇ ਜਾਨਵਰਾਂ ਦੀ ਦੁਨੀਆਂ ਵਿਚੋਂ ਮਨੁੱਖ ਪ੍ਰਗਟ ਕੀਤਾ, ਮਨੁੱਖਾਂ ਨੂੰ ਭਾਈਚਾਰਿਆਂ ਵਿਚ ਇਕੱਠਿਆ ਕੀਤਾ, ਉਨ੍ਹਾਂ ਦੀ ਸੋਚ ਸ਼ਕਤੀ ਦਾ ਵਿਕਾਸ ਕੀਤਾ, ਸਮਾਜਿਕ ਪੈਦਾਵਾਰ ਨੂੰ ਲਾਮਬੰਦ ਕੀਤਾ, ਕੁਦਰਤ ਦੀਆਂ ਸ਼ਕਤੀਆਂ ਵਿਰੁੱਧ ਸੰਘਰਸ਼ ਕਰਨ ਲਈ ਕੀਤਾ ਅਤੇ ਸਾਨੂੰ ਅੱਜ ਦੇ ਉਨਤ ਪੜਾਅ 'ਤੇ ਪੁਚਾਇਆ।"[6]

ਇਸ ਨੁਕਤੇ ਦਾ ਭੋਗ ਪਾਉਣ ਤੋਂ ਪਹਿਲਾਂ ਇਕ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਉਪਰੋਕਤ ਤੱਥ ਭਾਵੇਂ ਸਾਧਾਰਣ ਤੌਰ 'ਤੇ ਬੋਲੀ ਬਾਰੇ ਹਨ, ਪਰ ਹਰ ਬੋਲੀ ਕਿਸੇ ਨਾ ਕਿਸੇ ਦੀ ਮਾਂ ਬੋਲੀ ਹੁੰਦੀ ਹੈ, ਜਿਵੇਂ ਹਰ ਔਰਤ ਕਿਸੇ ਨਾ ਕਿਸੇ ਦੀ ਮਾਂ ਜ਼ਰੂਰ ਹੁੰਦੀ ਹੈ। ਹਰ ਮਾਂ ਦਾ ਆਦਰ ਕਰਨਾ ਮਨੁੱਖ ਦਾ ਧਰਮ ਹੈ, ਪਰ ਪਹਿਲਾ ਧਰਮ ਆਪਣੀ ਮਾਂ ਦਾ ਆਦਰ ਕਰਨਾ ਹੈ। ਆਪਣੀ ਮਾਂ ਦਾ ਨਿਰਾਦਰ ਕਰਨ ਵਾਲੇ ਦੂਜੇ ਦੀ ਮਾਂ ਦਾ ਆਦਰ ਕਿਵੇਂ ਕਰ ਸਕਦੇ ਹਨ ? ਅਜੋਕਾ ਮਨੁੱਖ ਤਕਰੀਬਨ ਦਸ ਹਜ਼ਾਰ ਬੋਲੀਆਂ ਤੇ ਉਪ ਬੋਲੀਆਂ ਬੋਲਦਾ ਹੈ। ਉਹ ਸਾਰੀਆਂ ਹੀ ਮਾਂ ਬੋਲੀਆਂ ਹਨ।

4. ਮਾਂ ਬੋਲੀ ਅਤੇ ਦੂਜੀਆਂ ਬੋਲੀਆਂ

ਮਾਂ ਬੋਲੀ ਅਤੇ ਦੂਜੀਆਂ ਬੋਲੀਆਂ ਦੀ ਕਿਸਮਤ ਬੜੀ ਅਨਿੱਖੜਵੀਂ ਹੈ। ਇਨ੍ਹਾਂ ਵਿਚ ਪਰਸਪਰ ਵਿਰੋਧ ਨਹੀਂ ਹੈ ਬਲਕਿ ਇਹ ਇਕ ਦੂਜੀ ਦੀ ਬੜੀ ਸਹਾਇਤਾ ਕਰਦੀਆਂ ਹਨ। ਜਿਹੜੇ ਪੰਜਾਬੀ ਬੱਚੇ ਇੰਗਲੈਂਡ ਆਦਿਕ ਵਿਦੇਸ਼ਾਂ ਵਿਚ ਰਹਿੰਦੇ ਹਨ ਅਤੇ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਬੋਲੀਆਂ ਵਿਚ ਮੁਹਾਰਤ ਰਖਦੇ ਹਨ, ਉਹ ਇਕ ਬੋਲੀ ਬੋਲਣ ਵਾਲਿਆਂ ਤੋਂ ਮਾਨਸਿਕ ਤੌਰ 'ਤੇ ਜ਼ਿਆਦਾ ਉਨਤ ਹੁੰਦੇ ਹਨ, ਕਿਉਂਕਿ ਉਨ੍ਹਾਂ ਕੋਲ ਦੋ ਬੋਲੀਆਂ ਦਾ ਸ਼ਬਦ ਭੰਡਾਰ ਅਤੇ ਤਜਰਬਾ ਹੁੰਦਾ ਹੈ। ਇਸ ਤੋਂ ਬਿਨਾਂ ਸਾਡੇ ਬੱਚੇ ਇਹ ਵੀ ਦਸਦੇ ਹਨ ਕਿ ਜਜਮਾਨ ਭਾਈਚਾਰੇ ਦੇ ਸਭਿਆ ਬੱਚੇ ਮਾਂ ਬੋਲੀ ਜਾਨਣ ਤੇ ਬੋਲਣ ਵਾਲਿਆਂ ਦੀ ਜ਼ਿਆਦਾ ਕਦਰ ਕਰਦੇ ਹਨ। ਹਾਂ, ਕਦਰ ਦੇ ਯੋਗ ਵੀ ਉਹੀ ਹੁੰਦੇ ਹਨ ਜਿਹੜੇ ਆਪਣਾ ਮਾਂ ਬੋਲੀ ਅਤੇ ਸਭਿਆਚਾਰ ਦੀ ਕਦਰ ਕਰਦੇ ਹਨ। ਆਜ਼ਾਦ ਕੌਮਾਂ ਦਾ ਇਹੀ ਚਿੰਨ੍ਹ ਹੁੰਦਾ ਹੈ। ਸਾਨੂੰ ਬੱਚਿਆਂ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਮਾਂ ਬੋਲੀ ਅੰਗਰੇਜ਼ੀ ਮਾਧਿਅਮ ਦੀ ਪੜ੍ਹਾਈ ਵਿਚ ਵਿਘਨ ਨਹੀਂ ਬਲਕਿ ਸਹਾਇਕ ਬਣਦੀ ਹੈ।

ਇਤਿਹਾਸ ਵਿਚ ਬੇਅੰਤ ਮਿਸਾਲਾਂ ਮਿਲਦੀਆਂ ਹਨ ਕਿ ਬਹੁਤੀਆਂ ਬੋਲੀਆਂ ਜਾਨਣ ਵਾਲੇ ਇਨਸਾਨ ਇਕ ਬੋਲੀ ਵਾਲਿਆਂ ਨਾਲੋਂ ਬਹੁਤੇ ਲਾਇਕ ਹੁੰਦੇ ਹਨ। ਕਾਰਲ ਮਾਰਕਸ ਆਪਣੀ ਮਾਂ ਬੋਲੀ ਜਰਮਨ ਤੋਂ ਬਿਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿਚ ਵੀ ਲਿਖਣ ਦੀ ਪੂਰੀ ਮੁਹਾਰਤ ਰਖਦਾ ਸੀ ਬੋਲ ਤਾਂ ਕਈ ਹੋਰ ਵੀ ਲੈਂਦਾ ਸੀ। ਐਂਗਲਜ਼ ਦਾ ਤਾਂ ਕਹਿਣਾ ਹੀ ਕੀ ! ਉਹ ਤਾਂ ਦਰਜਣ ਦੇ ਕਰੀਬ ਬੋਲੀਆਂ ਦਾ ਉਸਤਾਦ ਸੀ। ਸਾਨੂੰ ਪਤਾ ਹੈ ਕਿ ਮਾਰਕਸ-ਐਂਗਲਜ਼ ਦੀ ਪ੍ਰਤਿਭਾ ਦੇ ਤਾਂ ਉਨ੍ਹਾਂ ਦੇ ਕੱਟੜ ਵਿਰੋਧੀ ਵੀ ਕਾਇਲ ਹਨ।

ਅਸੀਂ ਇਥੇ ਇੰਗਲੈਂਡ ਵਿਚ ਕਾਫੀ ਮਾਪਿਆਂ ਨੂੰ ਜਾਣਦੇ ਹਾਂ ਜਿਨ੍ਹਾਂ ਨੇ ਸਾਡੇ ਕੋਲ ਮੰਨਿਆ ਹੈ ਕਿ ਬਚਪਨ ਵਿਚ ਅਸੀਂ ਆਪਣੇ ਬੱਚਿਆਂ ਨੂੰ ਇਸ ਲਈ ਪੰਜਾਬੀ ਨਹੀਂ ਸਿਖਾਈ ਸੀ ਕਿ ਉਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਣੀ ਅਤੇ ਉਹ ਪੜ੍ਹਾਈ ਵਿਚ ਪਛੜ ਜਾਣਗੇ। ਪਰ ਹੁਣ ਉਹ ਵੱਡੇ ਹੋ ਗਏ ਹਨ ਅਤੇ ਸਿਰਫ ਅੰਗਰੇਜ਼ੀ ਬੋਲਦੇ-ਬੋਲਦੇ ਕਾਲੇ ਅੰਗਰੇਜ਼ ਹੋ ਨਿਬੜੇ ਹਨ। ਹੁਣ ਉਹ ਨਾ ਸਾਡਾ ਸਭਿਆਚਾਰ ਪਸੰਦ ਕਰਦੇ ਹਨ, ਨਾ ਹੀ ਬੋਲੀ।

ਸਾਨੂੰ ਪਤਾ ਹੈ ਕਿ ਇਹ ਬਦਕਿਸਮਤ ਮਾਪੇ ਆਪਣੀ ਪਹੁੰਚ ਵਿਚ ਗ਼ਲਤ ਪਰ ਈਮਾਨਦਾਰ ਸਨ। ਪਰ ਜਿਹੜੀ ਸਜ਼ਾ ਇਹ ਹੁਣ ਭੁਗਤ ਰਹੇ ਹਨ, ਉਸ ਤੋਂ ਬਚਿਆ ਜਾ ਸਕਦਾ ਸੀ ਜੇ ਉਹ ਜਾਣਦੇ ਹੁੰਦੇ ਕਿ ਬੋਲੀ ਸੋਚ ਦੀ ਪ੍ਰਤੱਖ ਸਚਾਈ ਹੁੰਦੀ ਹੈ। ਜਿਹੜੇ ਘਰ ਅਤੇ ਭਾਈਚਾਰੇ ਵਿਚ ਬੱਚਾ ਵਿਚਰ ਰਿਹਾ ਹੈ ਉਸ ਦੀ ਸੋਚ ਤਾਂ ਪੰਜਾਬੀ ਹੈ, ਪਰ ਜੇ ਅਸੀਂ ਬੱਚੇ ਨੂੰ ਉਹ ਸੋਚ ਪੰਜਾਬੀ ਭਾਸ਼ਾ ਵਿਚ ਪ੍ਰਗਟ ਨਹੀਂ ਕਰਨ ਦਿੰਦੇ, ਜਾਂ ਉਹ ਕਰਦਾ ਨਹੀਂ ਤਾਂ ਉਸ ਸੋਚ ਅਤੇ ਵੱਖਰੇ ਪ੍ਰਗਟਾਉ ਦਾ ਟਕਰਾਉ ਅਤੇ ਵਿਰੋਧ ਬੱਚੇ ਦਾ ਸਾਰਥਕ ਵਿਕਾਸ ਨਹੀਂ ਹੋਣ ਦੇਵੇਗਾ। ਪਰ ਇਸ ਦੇ ਉਲਟ ਜਿਹੜੇ ਬੱਚੇ ਬਚਪਨ ਵਿਚ ਆਪਣੀ ਮਾਂ ਬੋਲੀ ਬੋਲਦੇ ਹਨ ਉਨ੍ਹਾਂ ਦਾ ਸ਼ਬਦ ਭੰਡਾਰ ਅਮੀਰ, ਸ਼ਕਤੀਸ਼ਾਲੀ, ਸਪਸ਼ਟ ਅਤੇ ਅਸਲੀ ਜੀਵਨ ਦੇ ਨੇੜੇ ਹੁੰਦਾ ਹੈ। ਦੂਜੀ ਬੋਲੀ ਸਿਖਣ ਲਈ, ਮਾਂ ਬੋਲੀ ਦੇ ਇਹ ਗੁਣ ਉਨ੍ਹਾਂ ਲਈ ਬੜੇ ਸਹਾਈ ਹੁੰਦੇ ਹਨ। ਨੂਰ ਲਿਖਦਾ ਹੈ :

"ਰੂਸ ਦਾ ਜਗਤ ਪ੍ਰਸਿੱਧ ਭਾਸ਼ਾ ਵਿਗਿਆਨੀ ਵਾਈਗੋਟਸਕੀ ਲਿਖਦਾ ਹੈ: ਕਿਸੇ ਬਾਹਰਲੀ ਬੋਲੀ ਨੂੰ ਸਿਖਣ ਦੀ ਸਫਲਤਾ ਕਾਫੀ ਹੱਦ ਤੀਕ ਮਾਂ ਬੋਲੀ ਵਿਚ ਮੁਹਾਰਤ 'ਤੇ ਨਿਰਭਰ ਹੈ। ਮਾਂ ਬੋਲੀ ਵਿਚ ਸਿਖਿਆ ਗਿਆਨ ਅਤੇ ਅਰਥ-ਵਿਧੀਆਂ ਦੂਜੀ ਬੋਲੀ ਵਿਚ ਤਬਦੀਲ ਕੀਤੇ ਜਾ ਸਕਦੇ ਹਨ।"[7]

→

ਭਿੰਨ-ਭਿੰਨ ਦੇਸ਼ਾਂ ਵਿਚ ਹੋਏ ਤਜਰਬੇ ਵੀ ਇਸੇ ਤੱਥ ਦੀ ਪੁਸ਼ਟੀ ਕਰਦੇ ਹਨ ਬਰਨਾਰਡ ਸ਼ਾਅ ਤਾਂ ਇਥੋਂ ਤੀਕ ਕਹਿੰਦਾ ਹੈ : "ਜਿਹੜਾ ਵਿਅਕਤੀ ਆਪਣੀ ਬੋਲੀ ਵਿਚ ਪੂਰਾ ਸਮੱਰਥ ਨਹੀਂ, ਉਹ ਕਦੀ ਦੂਜੀ ਬੋਲੀ ਵਿਚ ਮਾਹਰ ਨਹੀਂ ਹੋ ਸਕਦਾ।"

ਇਸ ਲਈ ਮਾਂ ਬੋਲੀ ਅਤੇ ਦੂਜੀਆਂ ਬੋਲੀਆਂ ਦੇ ਆਪਸੀ ਸਬੰਧ ਬੜੇ ਸੁਖਾਵੇਂ ਤੇ ਭਰੱਪਣ ਵਾਲੇ ਹੋਣੇ ਚਾਹੀਦੇ ਹਨ। ਜੇ ਮਾਂ ਬੋਲੀ ਦੀ ਮੁਹਾਰਤ ਹੋਰ ਬੋਲੀਆਂ ਸਿੱਖਣ ਵਿਚ ਸਹਾਈ ਹੁੰਦੀ ਹੈ ਤਾਂ ਸਿੱਧ ਹੈ ਕਿ ਇਨ੍ਹਾਂ ਦਾ ਭਾਈਚਾਰਾ ਇਕ ਹੈ ਅਤੇ ਇਹ ਸੁਭਾਵਕ ਤੌਰ 'ਤੇ ਭੈਣਾਂ ਹਨ — ਇਕੋ ਜੋਤ ਵਿਚੋਂ ਉਪਜੀਆਂ ਹੋਈਆਂ। ਬੋਲੀ ਨੂੰ ਆਧਾਰ ਬਣਾ ਜਦੋਂ ਜਲੂਸ ਨਿਕਲਦੇ ਅਤੇ ਛੁਰੇਬਾਜ਼ੀ ਹੁੰਦੀ ਹੈ, ਅਸਲ ਵਿਚ ਉਹ ਹਾਕਮ ਜਮਾਤ ਦੀ ਉਸ ਬੋਲੀ ਵਿਰੁਧ ਕੁਟਲ ਤੇ ਵਿਤਕਰੇ ਭਰੀ ਨੀਤੀ ਵਿਰੁਧ ਲੋਕਾਂ ਦਾ ਉਭਾਰ ਹੁੰਦਾ ਹੈ ਜਿਸ ਨੂੰ ਕਾਫੀ ਹੱਦ ਤੀਕ ਹਾਕਮ ਜਮਾਤ ਜਾਂ ਬੋਲੀ ਨੂੰ ਮਜ਼ਹਬ ਨਾਲ ਜੋੜਨ ਵਾਲੇ ਤੰਗਨਜ਼ਰ ਆਪਣੇ ਲਾਭ ਲਈ ਵਰਤ ਲੈਂਦੇ ਹਨ। ਸੁਭਾਵਕ ਸੱਚ ਤਾਂ ਇਹੀ ਹੈ ਕਿ ਜਿਹੜਾ ਵਿਅਕਤੀ ਆਪਣੀ ਮਾਂ ਦਾ ਸਤਿਕਾਰ ਕਰਦਾ ਹੈ, ਉਹ ਦੂਜਿਆਂ ਦੀਆਂ ਮਾਵਾਂ ਦਾ ਹੋਰ ਵੀ ਸਤਿਕਾਰ ਨਾਲ ਸਤਿਕਾਰ ਕਰੇਗਾ। ਇਕ ਸੱਚਾ ਰਾਸ਼ਟਰਵਾਦੀ ਹੀ ਅੰਤਰਰਾਸ਼ਟਰਵਾਦੀ ਹੁੰਦਾ ਹੈ। ਕਿਹੜੀ ਬੋਲੀ ਹੈ ਜਿਸ ਨੇ ਨਾਨਕ, ਵਾਰਿਸ, ਪੂਰਨ ਸਿੰਘ, ਗੁਰਬਖਸ਼ ਸਿੰਘ ਆਦਿਕ ਪੈਦਾ ਨਹੀਂ ਕੀਤੇ? ਪਰ ਉਨ੍ਹਾਂ ਦੀ ਕਦਰ ਅਸੀਂ ਤਾਂ ਹੀ ਕਰ ਸਕਦੇ ਹਾਂ ਜੇ ਅਸੀਂ ਇਨ੍ਹਾਂ ਆਪਣਿਆਂ ਦੀ ਕਰਾਂਗੇ।

ਨਿੱਕੇ ਜਿਹੇ ਦੇਸ਼ ਸਵਿਟਜ਼ਰਲੈਂਡ ਦੀ ਮਿਸਾਲ ਸਾਡੇ ਸਾਹਮਣੇ ਹੈ। ਉਸ ਦਾ ਜਰਮਨੀ ਨਾਲ ਲਗਦਾ ਭਾਗ ਜਰਮਨ, ਇਟਲੀ ਨਾਲ ਲਗਦਾ ਇਟਾਲੀਅਨ ਅਤੇ ਫਰਾਂਸ ਨਾਲ ਲਗਦਾ ਫਰਾਂਸੀਸੀ ਬੋਲਦਾ ਹੈ। ਇਸ ਨਾਲ ਸਵਿਟਜ਼ਰਲੈਂਡ ਅਤੇ ਉਸ ਦੇ ਲੋਕਾਂ ਦਾ ਕਿੰਨਾ ਭਲਾ ਹੋਇਆ, ਇਸ ਬਾਰੇ ਲੈਨਿਨ ਕਹਿੰਦਾ ਹੈ: "ਨਿੱਕੇ ਸਵਿਟਜ਼ਰਲੈਂਡ ਨੇ ਇਕ ਸਰਕਾਰੀ ਬੋਲੀ ਦੀ ਥਾਂ ਜਰਮਨ, ਫਰਾਂਸੀਸੀ ਅਤੇ ਇਟਾਲੀਅਨ, ਤਿੰਨ ਬੋਲੀਆਂ ਨਾਲ ਕੁਝ ਗੁਆਇਆ ਨਹੀਂ, ਖੱਟਿਆ ਹੀ ਹੈ।" [8]

ਇਸ ਨੁਕਤੇ ਦਾ ਭੋਗ ਅਸੀਂ ਰਸੂਲ ਹਮਜ਼ਾਤੋਵ ਦੇ ਇਨ੍ਹਾਂ ਖੂਬਸੂਰਤ ਵਿਚਾਰਾਂ ਨਾਲ ਪਾਉਣਾ ਚਾਹਾਂਗੇ : "ਮੇਰੇ ਲਈ ਕੌਮਾਂ ਦੀਆਂ ਬੋਲੀਆਂ ਅਕਾਸ਼ ਵਿਚਲੇ ਸਿਤਾਰਿਆਂ ਵਾਂਗ ਹਨ। ਮੈਂ ਨਹੀਂ ਚਾਹੁੰਦਾ ਕਿ ਸਾਰੇ ਸਿਤਾਰੇ ਵੱਡੇ ਸਾਰੇ ਸਿਤਾਰੇ ਵਿਚ ਮਿਲ ਇੱਕਮਿੱਕ ਹੋ ਜਾਣ, ਜਿਸ ਨੇ ਅੱਧਾ ਅਕਾਸ਼ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ। ਪਰ ਅਕਾਸ਼ ਵਿਚ ਸਿਤਾਰੇ ਵੀ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪਣਾ ਸਿਤਾਰਾ ਰੱਖਣ ਦੇਵੋ।" [9]

ਮਾਂ ਬੋਲੀ ਅਤੇ ਹਾਕਮ ਜਮਾਤ

ਅਤਿਆਚਾਰੀ ਹਾਕਮ ਜਮਾਤ ਭਾਵੇਂ ਸਾਮਰਾਜੀ ਹਾਕਮ ਹੋਣ, ਚਾਹੇ ਭਾਰਤ ਵਾਂਗ ਮੁੱਠੀ-ਭਰ ਕੌਮੀ ਸਰਮਾਏਦਾਰ-ਜਾਗੀਰਦਾਰ ਹਾਕਮ, ਹਕੂਮਤ ਸੰਭਾਲ ਲੈਣ ਤੋਂ ਬਾਦ ਮੁੱਖ ਰੂਪ ਵਿਚ ਮਾਂ ਬੋਲੀ ਦੀ ਕੰਗਾਲੀ ਵਿਚ ਹੀ ਵਾਧਾ ਕਰਦੇ ਹਨ। ਇਹ ਵਰਤਾਰਾ ਉਨ੍ਹਾਂ ਦੀ ਮਰਜ਼ੀ 'ਤੇ ਨਿਰਭਰ ਨਹੀਂ ਹੁੰਦਾ, ਬਲਕਿ ਉਨ੍ਹਾਂ ਦੇ ਜਮਾਤੀ, ਰਾਜਨੀਤਕ ਅਤੇ ਆਰਥਿਕ ਹਿਤਾਂ ਦਾ ਇਹੀ ਤਕਾਜ਼ਾ ਹੁੰਦਾ ਹੈ।

ਜਿਥੋਂ ਤੀਕ ਸਾਮਰਾਜ ਦਾ ਸੰਬੰਧ ਹੈ ਉਹ ਆਪਣੀ ਲੁੱਟ-ਖਸੁੱਟ ਲਈ ਹਥਿਆਰਾਂ ਤੇ ਗਦਾਰਾਂ ਦੀ ਵਰਤੋਂ ਤਾਂ ਕਰਦਾ ਹੀ ਹੈ; ਪਰ ਅੱਜ ਦਾ ਸਾਮਰਾਜ, ਸਮੇਂ ਦੀਆਂ ਪ੍ਰਸਥਿਤੀਆਂ ਸਦਕਾਂ, ਪਹਿਲਾਂ ਜਿੰਨਾ ਖਰ੍ਹਵਾ ਨਹੀਂ ਰਿਹਾ। ਨਵੇਂ ਆਜ਼ਾਦ ਹੋਏ ਦੇਸ਼ਾਂ ਅਤੇ ਵੀਤਨਾਮ ਨੇ ਉਸ ਨੂੰ ਇਹ ਸਿਖਾਇਆ ਹੈ ਕਿ ਲੋਕਾਂ ਨੂੰ ਸਿਰਫ ਹਥਿਆਰਾਂ ਅਤੇ ਗ਼ਦਾਰਾਂ ਸਦਕਾ ਸਦੀਵੀ ਗੁਲਾਮ ਬਣਾ ਕੇ ਨਹੀਂ ਰੱਖਿਆ ਜਾ ਸਕਦਾ। ਇਸ ਲਈ ਹੁਣ ਸਾਮਰਾਜ ਇਕ ਹੋਰ ਹਥਿਆਰ ਵਰਤਦਾ ਹੈ, ਜਿਸ ਨੂੰ ਸਭਿਆਚਾਰਕ ਹਥਿਆਰ ਕਹਿੰਦੇ ਹਨ। ਇਸ ਹਥਿਆਰ ਦੀ ਵਰਤੋਂ ਉਹ ਦੋ-ਧਾਰੀ ਤਲਵਾਰ ਵਾਂਗ ਕਰਦਾ ਹੈ। ਲੋਕਾਂ ਦੇ ਆਪਣੇ ਸਭਿਆਚਾਰ ਦਾ ਵਿਕਾਸ ਨਾ ਹੋਣ ਦਿਤਾ ਜਾਵੇ ਅਤੇ ਉਨ੍ਹਾਂ ਦੀ ਮਾਂ ਬੋਲੀ ਨੂੰ ਕੰਗਾਲ ਕਰ ਦਿੱਤਾ ਜਾਵੇ। ਮੀਡੀਏ ਅਤੇ ਵਿਦੇਸ਼ੀ-ਪੁਜਾਰੀ ਬੁੱਧੀਜੀਵੀਆਂ ਦੇ ਪ੍ਰਚਾਰਾਂ ਰਾਹੀਂ ਆਮ ਲੋਕਾਂ ਦੇ ਅੰਦਰ ਉਨ੍ਹਾਂ ਦੀ ਆਪਣੀ ਬੋਲੀ ਪ੍ਰਤੀ ਹੀਣਤਾ-ਭਾਵ ਪੈਦਾ ਕਰ ਦਿੱਤਾ ਜਾਂਦਾ ਹੈ, ਇਹੋ ਜਿਹਾ ਪਿੰਡ ਦੇ ਵਿਦਿਆਰਥੀ ਵਿਚ ਸ਼ਹਿਰ ਦੇ ਕਾਲਜ ਵਿਚ ਜਾ ਪੈਦਾ ਹੋ ਜਾਂਦਾ ਹੈ ਜਿਹੜਾ ਆਪਣੇ ਸਾਦ-ਮੁਰਾਦੇ ਬਾਪੂ ਨੂੰ ਕਾਲਜ ਆਇਆ ਵੇਖ, ਆਪਣੇ ਸ਼ਹਿਰੀਏ ਜਮਾਤੀਆਂ ਨੂੰ ਆਖਦਾ ਹੈ : ਇਹ ਸਾਡਾ ਸਾਂਝੀ ਹੈ।

ਅੰਗਰੇਜ਼ ਸਾਮਰਾਜ ਨੇ ਹਿੰਦੁਸਤਾਨ ਵਿਚ ਅਤੇ ਅਫਰੀਕਨ ਦੇਸ਼ਾਂ ਵਿਚ ਇਹੀ ਹਥਿਆਰ ਵਰਤਿਆ, ਜ਼ਾਰਾਂ ਨੇ ਯੁਕਰੇਨ ਆਦਿਕ ਦੇਸ਼ਾਂ 'ਤੇ ਰੂਸੀ ਬੋਲੀ ਠੋਸ ਵਰਤਿਆ ਅਤੇ ਸਪੇਨੀਆਂ ਨੇ ਲਾਤੀਨੀ ਅਮਰੀਕਾ ਵਿਚੋਂ ਉਥੋਂ ਦੇ ਅਸਲੀ ਵਸਨੀਕਾਂ ਦੀ ਬੋਲੀ ਦਾ ਤੁਖਮ ਮਿਟਾ ਕੇ ਰਖ ਦਿੱਤਾ।

ਇਸ ਅਮਲ ਵਿਚ ਸਾਮਰਾਜ ਦੀ ਸਹਾਇਤਾ ਕਰਨ ਵਾਲਾ ਇਕ ਹੋਰ ਅਦਾਰਾ ਹੁੰਦਾ ਹੈ ਜਿਸ ਨੂੰ ਮਜ਼ਹਬ ਆਖਦੇ ਹਨ। ਆਮ ਲੋਕ ਮਜ਼ਹਬ ਕੋਲ ਆਪਣਾ ਲੋਕ ਅਤੇ ਪਰਲੋਕ ਸੁਧਾਰਨ ਦੀ ਨੀਤ ਨਾਲ ਜਾਂਦੇ ਹਨ। ਜਿੰਨੀ ਦੇਰ ਲੋਕ ਸਾਇੰਸੀ ਸੋਚ ਦੇ ਗਿਆਨਵਾਨ ਨਹੀਂ ਹੁੰਦੇ, ਉਹ ਮਜ਼ਹਬ ਵਿਚੋਂ ਰਾਹਤ ਲੱਭਦੇ ਹੀ ਰਹਿਣਗੇ। ਅਤੇ ਧਾਰਮਿਕ ਸਥਾਨਾਂ ਵਿਚ ਭੀੜ ਜੁੜੀ ਹੀ ਰਹੇਗੀ। ਲੋਕ ਦੁਸ਼ਮਣ ਹਾਕਮਾਂ ਲਈ ਮਜ਼ਹਬ ਉਤੇ ਕਬਜ਼ਾ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ ਤਾਂ ਕਿ ਉਹ ਲੋਕ ਸੋਚ ਅਤੇ ਲੋਕ ਚੇਤਨਾ 'ਤੇ ਕਬਜ਼ਾ ਕਰ ਸਕਣ। ਇਸ ਕਾਰਜ ਦੀ ਪੂਰਤੀ ਲਈ ਉਹ ਪੂਰੀ ਪਰੋਹਤ ਜਮਾਤ ਅਤੇ ਉਪਰਲੇ ਤਬਕੇ ਨਾਲ ਹਨੀਮੂਨ ਰਚਾਉਂਦੇ ਹਨ। ਇਹ ਦੋਵੇਂ ਜਮਾਤਾਂ ਲੋਕਾਂ ਦੀ ਆਪਣੀ ਮਾਂ ਬੋਲੀ ਨੂੰ ਹੀ ਉਨ੍ਹਾਂ ਦੀ ਨਜ਼ਰ ਵਿਚ ਅਸਭਿਆ ਅਤੇ ਕੰਗਾਲ ਬਣਾ ਦਿੰਦੀਆਂ ਹਨ। ਉਹ ਪ੍ਰਚਾਰ ਅਤੇ ਰਸਮਾਂ ਰੀਤਾਂ ਉਸ ਭਾਸ਼ਾ ਵਿਚ ਕਰਦੇ ਹਨ, ਜਿਸ ਨੂੰ ਲੋਕ ਸਮਝ ਨਹੀਂ ਸਕਦੇ ਪਰ ਅਹਿਸਾਸ ਕਰ ਲੈਂਦੇ ਹਨ ਕਿ ਜੋ ਕੁਝ ਇਹ ਮਹਾਂਪੁਰਖ ਆਖ ਰਹੇ ਹਨ ਤੇ ਜਿਸ ਬੋਲੀ ਵਿਚ ਆਖ ਰਹੇ ਹਨ ਉਹ ਧੁਰ ਦੀ ਬਾਣੀ ਹੈ। ਗਰੈਮਸ਼ੀ ਇਸ ਤੱਥ ਨੂੰ ਇੰਜ ਬਿਆਨ ਕਰਦਾ ਹੈ:

"ਮਧਕਾਲ ਵਿਚ, ਕੈਥੋਲਿਕ ਚਰਚ ਨੇ ਲੋਕ ਬੋਲੀ ਦੀ ਵਰਤੋਂ ਵਿਰੁਧ ਤੇ ਲੈਟਿਨ ਬੋਲੀ ਨੂੰ ਸਰਵਵਿਆਪਕ ਬੋਲੀ ਦੇ ਰੂਪ ਵਿਚ ਕਾਇਮ ਰੱਖਣ ਲਈ ਸੰਘਰਸ਼ ਕੀਤਾ, ਕਿਉਂਕਿ ਇਹ ਇਸ ਦੀ ਆਪਣੀ ਬੌਧਿਕ ਸਰਦਾਰੀ ਲਈ ਇਕ ਬੁਨਿਆਦੀ ਤੱਤ ਸੀ।" [10]

ਇਸੇ ਤਰ੍ਹਾਂ ਵਿਦੇਸ਼ੀ ਪੁਜਾਰੀ ਬੁੱਧੀਜੀਵੀ ਕਰਦੇ ਰਹੇ ਹਨ ਤੇ ਹੁਣ ਵੀ ਕਰ ਰਹੇ ਹਨ। ਜ਼ਾਰ ਦੇ ਸਮੇਂ ਰੂਸੀ ਰਈਸ ਜ਼ਾਰ ਦੇ ਦਰਬਾਰ ਵਿਚ ਰੂਸੀ ਦੀ ਥਾਂ ਫਰਾਂਸੀਸੀ ਬੋਲਣ ਨੂੰ ਸਭਿਅਤਾ ਦਾ ਚਿੰਨ੍ਹ ਸਮਝਦੇ ਸਨ ਅਤੇ ਬੜੇ ਮਾਣ ਨਾਲ ਆਖਿਆ ਕਰਦੇ ਸਨ ਕਿ ਅਸੀਂ ਰੂਸੀ ਬੋਲੀ ਫਰਾਂਸੀਸੀ ਸੁਰ ਵਿਚ ਬੋਲ ਸਕਦੇ ਹਾਂ। ਇੰਗਲੈਂਡ ਵਸਦੇ ਪਾਕਿਸਤਾਨੀ ਪੰਜਾਬੀ ਬੁੱਧੀਜੀਵੀ ਜਦੋਂ ਇਕੱਠੇ ਬਹਿੰਦੇ ਹਨ ਤਾਂ ਉਰਦੂ ਬੋਲਣਾ ਸ਼ਾਨ ਅਤੇ ਪੰਜਾਬੀ ਵਿਚ ਬੋਲਣਾ ਅਸਭਿਆ ਚਿੰਨ੍ਹ ਸਮਝਦੇ ਹਨ। ਸਾਡੇ ਆਪਣੇ ਲੋਕ-ਪੱਖੀ ਬੁੱਧੀਜੀਵੀ ਵੀ ਅਨਪੜ੍ਹ ਲੋਕਾਂ ਦੀ ਹਾਜ਼ਰੀ ਵਿਚ ਅੰਗਰੇਜ਼ੀ ਦੇ ਫਿਕਰੇ ਅਤੇ ਸ਼ਬਦ ਬੋਲਣ ਦਾ ਠਰਕ ਪੂਰਾ ਕਰਨ ਤੋਂ ਬਾਜ਼ ਨਹੀਂ ਆਉਂਦੇ।

ਸਰਮਾਏਦਾਰੀ ਦਾ ਵੀ ਅਜੀਬ ਮੰਤਕ ਹੈ। ਜਦੋਂ ਇਸ ਨੇ ਸਾਮਰਾਜ ਜਾਂ ਜਾਗੀਰਦਾਰੀ ਤੋਂ ਰਾਜ ਸੱਤਾ ਹਥਿਆਉਣੀ ਹੁੰਦੀ ਹੈ ਉਦੋਂ ਤਾਂ ਇਹ ਲੋਕਾਂ ਨੂੰ ਆਪਣੇ ਨਾਲ ਮਿਲਾਉਣ ਲਈ ਮਹਾਨ ਇਨਕਲਾਬੀ ਹੋ ਨਿਬੜਦੇ ਹਨ ਅਤੇ ਹਰ ਉਸ ਅਦਾਰੇ ਦੇ ਪਰਖੱਚੇ ਉਡਾਉਂਦੇ ਹਨ ਜਿਹੜਾ ਸਾਮਰਾਜ ਤੇ ਜਾਗੀਰਦਾਰੀ ਪ੍ਰਬੰਧ ਦੀ ਸੇਵਾ ਕਰਦਾ ਹੈ। ਅਠਾਰ੍ਹਵੀਂ ਸਦੀ ਦੇ ਮਗਰਲੇ ਅੱਧ ਵਿਚ ਜਾਗੀਰਦਾਰੀ ਤੋਂ ਤਾਕਤ ਹਥਿਆਉਣ ਲਈ ਸਰਮਾਏਦਾਰੀ ਨੇ ਮਜ਼ਹਬ ਵਿਰੁਧ ਪਰਚਮ ਬੁਲੰਦ ਕੀਤਾ। ਐਂਗਲਜ਼ ਦੇ ਸ਼ਬਦਾਂ ਵਿਚ ਉਦੋਂ ਜਿਹੜਾ ਨਾਸਤਕ ਜੁਝਾਰ ਸਾਹਿਤ ਸਿਰਜਿਆ ਗਿਆ ਉਹ ਇੰਨਾ ਸੱਚਾ ਤੇ ਜਾਨਦਾਰ ਸੀ ਕਿ ਉਸ ਨੂੰ ਮਜ਼ਦੂਰ ਜਮਾਤ ਵਿਚ ਧੜਾ-ਧੜ ਵੰਡਣਾ ਚਾਹੀਦਾ ਹੈ। ਪਰ ਜਦੋਂ ਰਾਜ ਸੱਤਾ ਹਥਿਆ ਲਈ ਗਈ ਤਾਂ ਸਰਮਾਏਦਾਰੀ ਨੇ ਲੋਕਾਂ ਦੀ ਚੇਤਨਾ ਨੂੰ ਖੁੰਢਿਆਂ ਕਰਨ ਲਈ ਉਸੇ ਮਜ਼ਹਬ ਨੂੰ ਵਰਤਣਾ ਆਰੰਭ ਕਰ ਦਿੱਤਾ। ਇਹ ਤੱਥ ਇਕੱਲੇ ਫਰਾਂਸੀਸੀ ਸਰਮਾਏਦਾਰਾਂ 'ਤੇ ਹੀ ਨਹੀਂ ਢੁੱਕਦਾ, ਬਲਕਿ ਇਹ ਸੰਸਾਰ ਵਿਆਪੀ ਵਰਤਾਰਾ ਹੈ। ਭਾਰਤ ਵਿਚ ਹੀ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਭਾਰਤ ਦੀ ਕੌਮੀ ਬੁਰਜਵਾਜ਼ੀ ਦੀ ਪ੍ਰਤੀਨਿਧ ਕਾਂਗਰਸ ਪਾਰਟੀ ਨੇ ਸਵਤੰਤਰਤਾ ਸੰਗਰਾਮ ਦੌਰਾਨ ਮਾਂ ਬੋਲੀਆਂ ਦੇ ਵਿਕਾਸ, ਧਰਮ-ਨਿਰਪੇਖ ਰਾਜ ਅਤੇ ਬੋਲੀਆਂ ਦੇ ਆਧਾਰ 'ਤੇ ਸੂਬਿਆਂ ਦੀ ਪੁਨਰ-ਸਥਾਪਨਾ ਦੇ ਵਾਇਦੇ ਦਰ ਵਾਇਦੇ ਕੀਤੇ। ਪਰ ਜਦੋਂ ਰਾਜ ਸੱਤਾ ਹਥ ਆ ਗਈ ਤਾਂ ਇਹ ਵਾਇਦੇ ਬੇਵਫਾ ਤੇ ਅਧੂਰੇ ਰਹਿ ਗਏ। ਵਿਧਾਨ ਵਿਚ ਤਾਂ ਧਰਮ-ਨਿਰਪੇਖ ਰਾਜ ਦਰਜ ਹੈ ਪਰ ਉਸੇ ਰਾਜ ਦੇ ਪ੍ਰਧਾਨ ਮੰਤਰੀ ਕਦਮ-ਕਦਮ ਪਰੋਹਤਾਂ ਤੋਂ ਮਹੂਰਤ ਕਢਵਾਉਂਦੇ ਹਨ, ਅਗਾਂਹਵਧੂ ਪਾਰਟੀਆਂ ਨੂੰ ਹਰਾਉਣ ਲਈ ਮਜ਼ਹਬੀ ਮੂਲਵਾਦੀਆਂ ਨਾਲ ਗੱਠਜੋੜ ਕਰਦੇ ਹਨ ਅਤੇ ਪੰਜਾਬ ਦੀ ਮਰਦਮਸ਼ੁਮਾਰੀ ਸਮੇਂ ਪਰਚੀਆਂ 'ਤੇ ਖਾਨਾ ਬਣਾਉਂਦੇ ਹਨ ਕਿ ਪੰਜਾਬੀਓ, ਦਸੋ ਤੁਹਾਡੀ ਮਾਂ ਬੋਲੀ ਕਿਹੜੀ ਹੈ।

ਕਿਉਂ ਕਰਦੇ ਹਨ ਇਹ ਇੰਜ? ਕੀ ਇਹ ਇਨ੍ਹਾਂ ਦਾ ਸ਼ੌਕ ਜਾਂ ਮਰਜ਼ੀ ਹੈ? ਨਹੀਂ। ਇਹ ਸਰਮਾਏਦਾਰ-ਜਾਗੀਰਦਾਰ ਜਮਾਤ ਦਾ ਖਾਸਾ ਹੈ ਇਨ੍ਹਾਂ ਦੀ ਆਰਥਿਕ ਮਜਬੂਰੀ ਹੈ। ਦੇਸ਼ ਦੇ 90 ਫੀਸਦੀ ਲੋਕਾਂ ਦੀ ਮਿਹਨਤ ਸ਼ਕਤੀ ਨਾਲ ਆਪਣੀਆਂ ਤਿਜੌਰੀਆਂ ਭਰਨ ਲਈ ਉਨ੍ਹਾਂ ਨੂੰ ਸਭਿਆਚਾਰਕ ਤੌਰ 'ਤੇ ਅਕਲ-ਵਿਹੂਣੇ ਰੱਖਣਾ ਬਹੁਤ ਜ਼ਰੂਰੀ ਹੈ।

ਮਾਂ ਬੋਲੀ ਪੰਜਾਬੀ ਬਾਰੇ ਭਿੰਨ-ਭਿੰਨ ਫਿਰਕਿਆਂ ਦਾ ਵਤੀਰਾ

ਮਾਰਕਸ-ਐਂਗਲਜ਼ ਦੇ ਇਹ ਵਿਚਾਰ ਕਿ ਹਰ ਯੁੱਗ ਵਿਚ ਉਨ੍ਹਾਂ ਹੀ ਵਿਚਾਰਾਂ ਦੀ ਹਕੂਮਤ ਰਹੀ ਹੈ ਜਿਹੜੇ ਹਾਕਮ ਜਮਾਤ ਦੇ ਵਿਚਾਰ ਸਨ, ਇਕ ਸਰਵਵਿਆਪਕ ਸਚਾਈ ਹੈ। ਜੇ ਪੰਜਾਬੀ ਬੋਲੀ ਹੋਰਾਂ ਬੋਲੀਆਂ ਦੇ ਮੁਕਾਬਲੇ ਪਛੜੀ ਰਹੀ ਹੈ ਤਾਂ ਇਸ ਦਾ ਇਕ ਵੱਡਾ ਕਾਰਣ ਇਹ ਵੀ ਸੀ ਕਿ ਇਸ ਬੋਲੀ ਨੂੰ ਕਿਸੇ ਵੀ ਰਾਜ-ਭਾਗ ਵਲੋਂ ਮਾਣ-ਮਰਿਆਦਾ ਨਹੀਂ ਮਿਲੀ। 1947 ਤੀਕ (ਕਿਸੇ ਹੱਦ ਤੀਕ ਹੁਣ ਵੀ) ਵਪਾਰ ਕਰਨ ਲਈ, ਨੌਕਰੀ ਲੈਣ ਲਈ ਜਾਂ ਸਾਦੀ ਅਰਜ਼ੀ ਲਿਖਣ ਲਈ ਵੀ ਪੰਜਾਬੀ ਬੋਲੀ ਦੀ ਕੋਈ ਲੋੜ ਨਹੀਂ ਸੀ। ਇਸ ਲਈ ਇਹ ਬੋਲੀ ਪੰਜਾਬ ਦੇ ਕਿਸੇ ਵੀ ਫਿਰਕੇ ਲਈ ਲੋੜੀਂਦੀ ਨਹੀਂ ਸੀ ਸਮਝੀ ਜਾਂਦੀ। ਪੰਜਾਬ ਦੇ ਸ਼ਹਿਰੀ ਹਿੰਦੂ ਪੰਜਾਬੀ ਬੋਲੀ ਬੋਲਦੇ ਸਨ ਅਤੇ ਬੋਲਦੇ ਹਨ ਪਰ ਉਨ੍ਹਾਂ ਦੀ ਨਜ਼ਰ ਵਿਚ ਇਹ ਬੜੀ ਰੁਖੀ, ਉਜੱਡ ਅਤੇ ਅਸਭਿਆ ਬੋਲੀ ਸੀ ਤੇ ਕਾਫੀ ਹੱਦ ਤੀਕ ਹੁਣ ਵੀ ਹੈ। ਉਹ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਹਿੰਦੀ ਪੜ੍ਹਾਉਂਦੇ ਹਨ ਅਤੇ ਸਭਾ ਸੁਸਾਇਟੀ ਵਿਚ ਭਾਸ਼ਣ ਦੇਣ ਸਮੇਂ ਹਿੰਦੀ ਬੋਲਦੇ ਹਨ, ਜਿਹੜੀ ਅਕਸਰ ਗਲਤ ਅਤੇ ਅਸੁਭਾਵਕ ਹੁੰਦੀ ਹੈ। ਇੰਗਲੈਂਡ-ਕੈਨੇਡਾ ਦੇ ਹਿੰਦੂ ਮੰਦਰਾਂ ਵਿਚ ਪੰਜਾਬੀ ਹਿੰਦੂਆਂ ਦੇ ਬੱਚੇ ਹਿੰਦੀ ਪੜ੍ਹਦੇ ਹਨ, ਪੰਜਾਬੀ ਨਹੀਂ ਪਰ ਗੁਜਰਾਤੀ ਹਿੰਦੂ ਆਪਣੇ ਬੱਚਿਆਂ ਨੂੰ ਗੁਜਰਾਤੀ ਸਿਖਾਉਂਦੇ ਹਨ।


ਪੇਂਡੂ ਹਿੰਦੂਆਂ 'ਤੇ ਇਹ ਗੱਲ ਲਾਗੂ ਨਹੀਂ ਹੁੰਦੀ। ਇਸ ਦੇ ਤਿੰਨ ਮੁੱਖ ਕਾਰਣ ਹਨ : ਪਹਿਲਾ, ਪੇਂਡੂ ਲੋਕ ਸਾਂਝੀ ਕਿਰਤ ਅਤੇ ਸਾਂਝੇ ਸਭਿਆਚਾਰ ਵਿਚ ਬਹੁਤੇ ਬੱਝੇ ਹੋਏ ਹੁੰਦੇ ਹਨ। ਇਸ ਲਈ ਕੁਦਰਤੀ ਜੀਵਨ ਦੇ ਵਧੇਰੇ ਨੇੜੇ ਹੁੰਦੇ ਹਨ। ਦੂਜਾ, ਪੰਜਾਬ ਦੇ ਪਿੰਡਾਂ ਵਿਚ ਮੰਦਰਾਂ ਆਦਿਕ ਧਾਰਮਿਕ ਅਸਥਾਨਾਂ ਦੀ ਭਰਮਾਰ ਨਾ ਹੋਣ ਕਰਕੇ ਲੋਕਾਂ 'ਤੇ ਮਜ਼ਹਬੀ ਪਖਪਾਤ ਦੀ ਪਕੜ ਬਹੁਤ ਘੱਟ ਹੈ। ਤੀਜਾ, ਪਿੰਡਾਂ ਵਿਚ ਬਹੁਗਿਣਤੀ ਸਿੱਖਾਂ ਦੀ ਹੋਣ ਕਰਕੇ ਹਿੰਦੂ ਪੰਜਾਬੀ ਬੋਲੀ ਨਾਲ ਉਨ੍ਹਾਂ ਜਿੰਨੇ ਹੀ ਜੁੜੇ ਹੋਏ ਹਨ।

ਸ਼ਹਿਰੀ ਹਿੰਦੂਆਂ ਦੀ ਮਨੋਂਵ੍ਰਿਤੀ ਹੀ ਕੁੱਝ ਹੋਰ ਬਣ ਗਈ ਹੈ। ਉਨ੍ਹੀਂਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਆਰੀਆ ਸਮਾਜ ਦੀ ਲਹਿਰ ਨੇ ਸ਼ਹਿਰੀ ਹਿੰਦੂ ਆਬਾਦੀ ਨੂੰ ਆਪਣੇ ਕਲਾਵੇ ਵਿਚ ਲੈ ਲਿਆ। ਵੈਦਿਕ ਧਰਮ ਦੀ ਪੁਨਰ-ਸਥਾਪਨਾ ਲਈ ਹਿੰਦੀ ਬੋਲੀ ਨੂੰ ਮਾਧਿਅਮ ਬਣਾਇਆ ਗਿਆ। ਸਵਾਮੀ ਦਇਆ ਨੰਦ, ਜਿਨ੍ਹਾਂ ਦੀ ਆਪਣੀ ਬੋਲੀ ਗੁਜਰਾਤੀ ਸੀ, ਨੇ ਆਪਣਾ ਸਤਿਆਰਥ ਪ੍ਰਕਾਸ਼ - ਆਰੀਆ ਸਮਾਜੀਆਂ ਦੀ ਬ੍ਹਾਈਬਲ - ਹਿੰਦੀ ਵਿਚ ਲਿਖਿਆ। ਨਤੀਜੇ ਵਜੋਂ ਸ਼ਹਿਰੀ ਹਿੰਦੂਆਂ ਦੀ ਪੰਜਾਬੀ ਬੋਲੀ ਵਲੋਂ ਰੁਚੀ ਬਿਲਕੁਲ ਜਾਂਦੀ ਲੱਗੀ। 1947 ਦੇ ਲਾਗੇ ਸ਼ਹਿਰੀ ਹਿੰਦੂ ਵਸੋਂ ਵਿਚ ਰਾਸ਼ਟਰੀਆ ਸਵੇਇਮ ਸੇਵਕ ਸੰਘ (ਆਰ ਐਸ ਐਸ) ਨੇ ਹਿੰਦੂ ਮੂਲਵਾਦ ਨੂੰ ਬਹੁਤ ਉਭਾਰਿਆ ਅਤੇ ਹੋਰ ਅਹਿਸਾਸਾਂ ਦੇ ਨਾਲ-ਨਾਲ ਇਹ ਅਹਿਸਾਸ ਵੀ ਕਰਵਾ ਦਿੱਤਾ ਕਿ ਤੁਹਾਡੀ ਬੋਲੀ ਹਿੰਦੀ ਹੈ। ਸੰਤਾਲੀ ਤੋਂ ਬਾਦ ਜਦੋਂ ਪੰਜਾਬੀ ਸੂਬੇ ਦੀ ਲਹਿਰ ਚੱਲੀ ਤਾਂ ਇਹੀ ਕਤਾਰਬੰਦੀ ਇਥੋਂ ਤੀਕ ਪੱਕੀ ਹੋ ਗਈ ਕਿ ਪੰਜਾਬੀ ਸੂਬੇ ਦਾ ਅਰਥ ਸਿਖ ਸੂਬਾ ਹੋ ਨਿਬੜਿਆ। ਸਿੱਖ ਲੀਡਰਾਂ ਵਲੋਂ ਵੀ ਪੰਜਾਬੀ ਸੂਬੇ ਲਈ ਸੰਘਰਸ਼ ਨੂੰ ਸਮੁੱਚੇ ਪੰਜਾਬੀ ਲੋਕਾਂ ਦਾ ਸੰਘਰਸ਼ ਨਹੀਂ, ਸਿੱਖਾਂ ਦੇ ਸੰਘਰਸ਼ ਵਜੋਂ ਪੇਸ਼ ਕੀਤਾ ਗਿਆ। ਪਹਿਲੀ ਮਰਦਮਸ਼ੁਮਾਰੀ ਵੇਲੇ ਅਸੀਂ ਆਪ ਵੇਖਿਆ ਕਿ ਹਿੰਦੂ ਲੀਡਰਾਂ ਅਤੇ ਕਾਫੀ ਸਾਰੇ ਕਾਂਗਰਸੀ ਲੀਡਰਾਂ ਨੇ ਵੀ ਪਿੰਡਾਂ ਦੇ ਗੈਰ-ਜੱਟਾਂ ਨੂੰ ਇਹ ਪ੍ਰਭਾਵ ਦਿੱਤਾ ਕਿ ਜੇ ਤੁਸੀਂ ਆਪਣੀ ਮਾਂ ਬੋਲੀ ਪੰਜਾਬੀ ਲਿਖਾਈ ਤਾਂ ਪਾਕਿਸਤਾਨ ਵਾਂਗ ਪੰਜਾਬ ਵਿਚ ਵੀ ਸਿੱਖਾਂ ਦਾ ਮੁਲਕ ਬਣ ਜਾਵੇਗਾ ਤੇ ਤੁਹਾਨੂੰ ਵੱਢ-ਟੁੱਕ ਕਰਕੇ ਜਮਨਾ ਪਾਰ ਧੱਕ ਦਿੱਤਾ ਜਾਵੇਗਾ। ਨਤੀਜੇ ਵਜੋਂ, ਪਿੰਡਾਂ ਦੇ ਚੋਖੀ ਗਿਣਤੀ ਰਾਮਦਾਸੀਏ ਭਰਾਵਾਂ ਨੇ ਵੀ ਆਪਣੀ ਬੋਲੀ ਹਿੰਦੀ ਲਿਖਾਈ। ਸਿੱਖ ਲੀਡਰਾਂ ਨੇ ਵੀ ਮਰਦਮਸ਼ੁਮਾਰੀ ਨੂੰ ਇੰਜ ਲਿਆ ਜਿਵੇਂ ਇਸ ਨੇ ਸਿੱਖਾਂ ਦੀ ਕਿਸਮਤ ਦਾ ਫੈਸਲਾ ਕਰਨਾ ਹੋਵੇ। ਇਸ ਤੋਂ ਬਿਨਾਂ ਹਿੰਦੂ ਭਰਾਵਾਂ ਦੀ ਇਹ ਇਕ ਧਾਰਣਾ ਬਣੀ ਹੋਈ ਹੈ ਕਿ ਹਿੰਦੂ ਦੀ ਬੋਲੀ ਹਿੰਦੀ ਹੁੰਦੀ ਹੈ। ਆਮ ਤੇ ਸਿੱਧੇ-ਸਾਦੇ ਹਿੰਦੂਆਂ 'ਤੇ ਹਿੰਦੂ ਨਾਲ ਹਿੰਦੀ ਦਾ ਮਿਲਦਾ ਜੁਲਦਾ ਰਿਦਮ ਵੀ ਇਕ ਜਜ਼ਬਾਤੀ ਸਾਂਝ ਜਿਹੀ ਪੈਦਾ ਕਰਦਾ ਹੈ। ਪਰ ਪੰਜਾਬ ਵਿਚ ਇਹ ਭਿਆਨਕ ਮਨੋਂਵ੍ਰਿਤੀ ਬੌਧਿਕ ਵਰਗ ਵਿਚੋਂ ਅਲੋਪ ਹੁੰਦੀ ਜਾ ਰਹੀ ਹੈ ਅਤੇ ਹਿੰਦੂ ਬਰਾਦਰੀ ਵਿਚ ਪੰਜਾਬੀ ਬੋਲੀ ਦੇ ਟੀਸੀ ਦੇ ਲਿਖਾਰੀ ਪੈਦਾ ਹੋ ਰਹੇ ਹਨ। ਪਰ ਬੁੱਧੀਜੀਵੀ ਵਰਗ ਤਾਂ ਆਟੇ ਵਿਚ ਲੂਣ ਵਾਂਗ ਹੀ ਹੈ। ਸਮੁੱਚੇ ਮਧਵਰਗ ਉਤੇ ਹਿੰਦੂ ਦੀ ਬੋਲੀ ਹਿੰਦੀ ਦਾ ਪ੍ਰਭਾਵ ਬਹੁਤ ਪੀਢਾ ਹੈ। ਇੰਗਲੈਂਡ ਦੇ ਗੁਰਦਵਾਰਿਆਂ ਤੇ ਸਕੂਲਾਂ ਵਿਚ ਜਿਥੇ ਪੰਜਾਬੀ ਪੜ੍ਹਾਈ ਜਾਂਦੀ ਹੈ ਉਥੇ ਹਿੰਦੂਆਂ ਦੇ ਬੱਚੇ ਨਹੀਂ ਜਾਂਦੇ।

ਪੰਜਾਬੀ ਮੁਸਲਮਾਨ ਹਿੰਦੋਸਤਾਨੀ ਪੰਜਾਬ ਵਿਚ ਤਾਂ ਸਿਰਫ ਮਾਲੇਰਕੋਟਲਾ ਰਿਆਸਤ ਵਿਚ ਹੀ ਰਹਿ ਗਏ ਹਨ ਅਤੇ ਉਹ ਵੀ ਕਿਰਤ ਕਰਨ ਵਾਲੇ। ਮਧਵਰਗੀ ਅਤੇ ਪੜ੍ਹੇ-ਲਿਖੇ ਤਾਂ ਪਾਕਿਸਤਾਨੀ ਪੰਜਾਬ ਵਿਚ ਚਲੇ ਗਏ ਸਨ। ਭਾਵੇਂ ਪਾਕਿਸਤਾਨ ਵਿਚ ਪੰਜਾਬੀ ਬੋਲੀ ਹੁਣ ਕਾਫੀ ਵਿਕਸਿਤ ਹੋ ਰਹੀ ਹੈ ਅਤੇ ਪੰਜਾਬੀ ਬੁੱਧੀਜੀਵੀ ਆਪਣੇ ਵਿਰਸੇ ਤੇ ਬੋਲੀ ਦੀ ਮਹੱਤਤਾ ਨੂੰ ਪਛਾਣ ਰਹੇ ਹਨ ਪਰ ਸਮੁੱਚੇ ਤੌਰ 'ਤੇ ਉਨ੍ਹਾਂ ਦਾ ਵਤੀਰਾ ਵੀ ਹਿੰਦੂ ਭਰਾਵਾਂ ਵਰਗਾ ਹੀ ਹੈ। ਉਨ੍ਹਾਂ ਦੀ ਨਜ਼ਰ ਵਿਚ ਵੀ ਪੰਜਾਬੀ ਇਕ ਉਜੱਡ, ਗੰਵਾਰ, ਪੇਂਡੂ ਅਤੇ ਪਛੜੀ ਹੋਈ ਬੋਲੀ ਹੈ। ਉਰਦੂ ਬੋਲੀ ਬੜੀ ਸ਼ਾਇਸਤਾ ਹੈ, ਹਾਲਾਂ ਕਿ ਉਰਦੂ ਕਿਸੇ ਵੀ ਇਲਾਕੇ ਦੀ ਬੋਲੀ ਨਹੀਂ ਹੈ। ਮਜ਼ਹਬੀ ਨੁਕਤੇ ਤੋਂ ਵੀ ਉਹ ਪੰਜਾਬੀ ਨਾਲੋਂ ਉਰਦੂ ਨੂੰ ਵਧੇਰੇ ਨੇੜੇ ਸਮਝਦੇ ਹਨ। ਪਰ ਹਿੰਦੂਆਂ ਨਾਲੋਂ ਉਨ੍ਹਾਂ ਵਿਚ ਇਕ ਅੰਤਰ ਬਹੁਤ ਨੁਮਾਇਆ ਹੈ। ਉਹ ਪੰਜਾਬ ਦੇ ਹਿਤ ਨੂੰ ਆਪਣਾ ਹਿਤ ਸਮਝਦੇ ਹਨ। ਇਸ ਦਾ ਕਾਰਣ ਸਮਝਣਾ ਵੀ ਕੋਈ ਔਖਾ ਨਹੀਂ। ਪੰਜਾਬੀ ਹਿੰਦੂਆਂ ਦਾ ਇਹ ਭਰਮ ਬਣਿਆ ਹੋਇਆ ਹੈ ਕਿ ਪੰਜਾਬ ਤੋਂ ਬਾਹਰ ਉਨ੍ਹਾਂ ਦਾ ਬਹੁਤ ਵੱਡਾ ਭਾਈਚਾਰਾ ਹੈ। ਪਰ ਪਾਕਿਸਤਾਨੀ ਮੁਸਲਮਾਨ, ਸਾਂਝਾ ਮਜ਼ਹਬ ਹੋਣ ਦੇ ਬਾਵਜੂਦ, ਪਾਕਿਸਤਾਨ ਦੇ ਬਾਕੀ ਹਿਸਿਆਂ ਨੂੰ ਸਿੰਧੀ ਬਲੋਚੀ ਹੀ ਸਮਝਦੇ ਹਨ, ਕਿਉਂਕਿ ਉਨ੍ਹਾਂ ਨਾਲ ਇਨ੍ਹਾਂ ਦੇ ਆਰਥਿਕ ਹਿਤਾਂ ਦਾ ਰੋਜ਼ ਟਕਰਾਉ ਹੁੰਦਾ ਹੈ। ਪਰ ਭਾਰਤੀ ਪੰਜਾਬ ਦੇ ਹਿੰਦੂਆਂ ਨਾਲ ਹਾਲੀਂ ਅਜਿਹਾ ਮੌਕਾ ਨਹੀਂ ਆਇਆ ਕਿ ਉਨ੍ਹਾਂ ਦੇ ਦੂਜੇ ਭਾਰਤੀ ਸੂਬਿਆਂ ਨਾਲ ਹਿਤ ਟਕਰਾਉਂਦੇ ਹੋਣ।

ਜਿਥੋਂ ਤੀਕ ਸਿਖ ਫਿਰਕੇ ਦਾ ਸੰਬੰਧ ਹੈ ਉਸ ਦਾ ਪੰਜਾਬੀ ਬੋਲੀ ਵਲ ਵਤੀਰਾ ਹਿੰਦੂ ਅਤੇ ਮੁਸਲਮਾਨ ਫਿਰਕਿਆਂ ਨਾਲੋਂ ਵਫਾਦਾਰੀ ਵਾਲਾ ਹੈ ਇਸ ਦਾ ਇਹ ਅਰਥ ਹਰਗਿਜ਼ ਨਹੀਂ ਕਿ ਇੱਕ ਫਿਰਕਾ ਦੂਜੇ ਨਾਲੋਂ ਵੱਧ ਵਫਾਦਾਰ ਹੁੰਦਾ ਹੈ। ਨਹੀਂ। ਇਸ ਦੇ ਦੋ ਵੱਡੇ ਕਾਰਣ ਹਨ। ਇਕ, ਸਿੱਖਾਂ ਦਾ ਧਾਰਮਿਕ ਗ੍ਰੰਥ ਪੰਜਾਬੀ ਬੋਲੀ ਅਤੇ ਗੁਰਮੁਖੀ ਵਿਚ ਲਿਖਿਆ ਹੋਇਆ ਹੈ ਅਤੇ ਇਸ ਗ੍ਰੰਥ ਦਾ ਸਤਿਕਾਰ ਹਰ ਸਿੱਖ ਦੇ ਜਨਮ, ਮਰਨ ਅਤੇ ਪਰਨ ਨਾਲ ਜੁੜਿਆ ਹੋਇਆ ਹੈ। ਇਸ ਲਈ ਉਹ ਪੰਜਾਬੀ ਬੋਲੀ ਬਾਰੇ ਕੋਈ ਮੰਦਾ ਸ਼ਬਦ ਬੋਲਣ ਤੋਂ ਸੰਕੋਚ ਕਰਦੇ ਹਨ। ਦੂਜਾ, ਪੰਜਾਬ ਵਿਚ ਬਹੁਗਿਣਤੀ ਸਿੱਖਾਂ ਦਾ ਪੇਸ਼ਾ ਅਤੇ ਸਭਿਆਚਾਰ ਪਿੰਡਾਂ ਨਾਲ ਜੁੜਿਆ ਹੋਇਆ ਹੈ। ਜ਼ਮੀਨ ਨਾਲ ਜੁੜੇ ਹੋਏ ਲੋਕਾਂ ਦਾ ਆਪਣੀ ਧਰਤੀ ਨਾਲ ਰਿਸ਼ਤਾ ਬਹੁਤ ਪੀਢਾ ਹੁੰਦਾ ਹੈ ਅਤੇ ਧਰਤੀ ਵਿਚ ਬੋਲੀ ਅਤੇ ਸਭਿਆਚਾਰ ਵੀ ਸ਼ਾਮਿਲ ਹੁੰਦੇ ਹਨ। ਵਣਜ-ਵਪਾਰ ਕਰਨ ਵਾਲੇ ਲੋਕ ਜਿਥੇ ਜਾ ਵਸਦੇ ਹਨ, ਉਥੋਂ ਦੇ ਹੀ ਹੋ ਰਹਿੰਦੇ ਹਨ। ਪੰਜਾਬ ਤੋਂ ਬਾਹਰ ਰਹਿਣ ਵਾਲੇ ਸਿੱਖ ਪੰਜਾਬ ਨਾਲ ਸਿਰਫ ਇਸ ਲਈ ਜੁੜੇ ਹੋਏ ਹਨ ਕਿ ਉਥੇ ਉਨ੍ਹਾਂ ਦੇ ਧਾਰਮਿਕ ਸਥਾਨ ਅਤੇ ਰਿਸ਼ਤੇਦਾਰ ਹਨ। ਉਂਜ ਉਹ ਪੰਜਾਬ ਦੇ ਪੇਂਡੂ ਸਿੱਖਾਂ ਨਾਲੋਂ ਸ਼ਹਿਰੀ ਹਿੰਦੂਆਂ ਦੇ ਵਧੇਰੇ ਨੇੜੇ ਹਨ। ਰਹਿਣ ਸਹਿਣ ਪੱਖੋਂ ਹੀ ਨਹੀਂ ਸੋਚ ਪੱਖੋਂ ਵੀ, ਕਿਉਂਕਿ ਸੋਚ ਦਾ ਆਧਾਰ ਰਹਿਣ-ਸਹਿਣ ਹੀ ਹੁੰਦਾ ਹੈ। ਇਹੀ ਹਾਲ ਪੰਜਾਬੀ ਪਿੰਡਾਂ ਦੇ ਹਿੰਦੂਆਂ ਦਾ ਹੈ। ਉਨ੍ਹਾਂ ਦੀ ਮਨੋਂਵਿਰਤੀ ਪੇਂਡੂ ਸਿੱਖਾਂ ਦੇ ਵਧੇਰੇ ਨੇੜੇ ਹੈ, ਸ਼ਹਿਰੀ ਹਿੰਦੂਆਂ ਦੇ ਨਹੀਂ। ਇਹ ਵੱਖਰੀ ਗੱਲ ਹੈ ਕਿ ਵਰਤਮਾਨ ਪੰਜਾਬ ਵਿਚ ਹਿੰਦੂਆਂ ਦੀ ਅਤੇ ਪੰਜਾਬੋਂ ਬਾਹਰ ਸਿੱਖਾਂ ਦੀ ਅਸੁਰੱਖਿਆ ਇਸ ਸੰਤੁਲਨ ਨੂੰ ਮਜ਼ਹਬੀ ਕਤਾਰਬੰਦੀ ਵਿਚ ਬਦਲ ਦੇਵੇ।

ਬਾਕੀ ਦਾ ਹਿਸਾ ਅਗਲੇ ਅੰਕ ਵਿਚ



ਪ੍ਰਸਿੱਧ ਐਕਟਰ ਓਮਪੁਰੀ ਵੈਨਕੂਵਰ ਵਿਚ — ਕਹਾਣੀ — ਤਸਵੀਰਾਂ ਦੀ ਜ਼ਬਾਨੀ



ਕਵੀ ਤੇ ਨਾਟਕਕਾਰ ਅਜਮੇਰ ਰੋਡੇ ਦੇ ਘਰ ਦਾਖਲ ਹੁੰਦੇ ਹੋਏ



ਰਿਚਮੰਡ ਵਿਚ 'ਕੈਨੇਡਾ ਦਰਪਣ' ਦੇ ਸੰਪਾਦਕ ਦਰਸ਼ਨ ਗਿੱਲ ਨਾਲ



ਅਜਮੇਰ ਰੋਡੇ ਤੇ ਓਮਪੁਰੀ



ਐਕਟਰ ਓਮਪੁਰੀ, ਨਰਿੰਦਰ ਭਾਗੀ ਤੇ ਕਹਾਣੀਕਾਰ ਸਾਧੂ



ਓਮਪੁਰੀ, ਰਮਿੰਦਰ, ਰਾਜੂ ਤੇ ਅੰਕੁਰ ਨਾਲ



ਓਮਪੁਰੀ, ਕਹਾਣੀਕਾਰ ਅਮਰਜੀਤ ਚਾਹਲ ਤੇ ਗੁਰਮੇਲ ਨਾਲ